Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਹਿਫ਼ਤਾ-ਪੇਪਰ)
Rs.10/-
All Subject to Patiala Jurisdiction.
www.khetiduniyan.in

Editor : Jagpreet Singh • RNI/PUNPUN00806 • Issue Dated 31-05-2025 • Vol.43 No.22 • Ph. : 0175-2214575, 90410-14575 • Page : 16 | E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਨ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

## ਕੇਂਦਰ ਸਰਕਾਰ ਵੱਲੋਂ ਖਰੀਫ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ

# ਝੋਨੇ ਤੇ ਕਪਾਹ ਸਣੇ 14 ਫਸਲਾਂ ਦੇ ਸਮਰਥਨ ਮੁੱਲ ਵਿੱਚ ਵਾਧਾ



- ★ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 3 ਫੀਸਦੀ ਦਾ ਵਾਧਾ
- ★ ਦਾਲਾਂ ਤੇ ਤੇਲ ਬੀਜਾਂ ਦੇ ਮੁੱਲ ਵਿੱਚ 9% ਤੱਕ ਦਾ ਕੀਤਾ ਵਾਧਾ
- ★ ਝੋਨੇ ਦਾ ਐਮ. ਐਸ. ਪੀ. 2,369 ਰੁਪਏ ਪ੍ਰਤੀ ਕੁਇੰਟਲ ਹੋਇਆ
- ★ ਅਰਹਰ 8,000 ਤੇ ਮਾਂਹ 7,800 ਰੁਪਏ ਪ੍ਰਤੀ ਕੁਇੰਟਲ

ਪਿਛਲੇ ਦਿਨੀਂ ਕੇਂਦਰ ਸਰਕਾਰ ਨੇ 2025-26 ਦੇ ਸਾਉਣੀ ਮੰਡੀਕਰਨ ਸੀਜ਼ਨ ਲਈ 14 ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਵਿੱਚ ਵਾਧਾ ਕੀਤਾ ਗਿਆ। ਆਮ ਕਿਸਮ ਦੇ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) 3 ਫੀਸਦੀ (69 ਰੁਪਏ) ਵਧਾ ਕੇ 2,369 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ, ਜਦੋਂਕਿ ਦਾਲਾਂ ਅਤੇ ਤੇਲ ਦੇ ਬੀਜਾਂ ਦੀਆਂ ਕੀਮਤਾਂ ਵਿੱਚ 9 ਫੀਸਦੀ ਤੱਕ ਦਾ ਵਾਧਾ ਕੀਤਾ ਹੈ। 'ਏ ਗ੍ਰੇਡ' ਝੋਨੇ ਦੀ ਐਮ. ਐਸ. ਪੀ. 2,389 ਰੁਪਏ ਕੁਇੰਟਲ ਹੋਵੇਗੀ। ਹੋਰ ਫ਼ਸਲਾਂ ਵਿੱਚ ਮੂੰਗੀ, ਮਾਂਹ, ਕਪਾਹ, ਸੂਰਜਮੁਖੀ, ਜਵਾਰ, ਬਾਜਰਾ, ਰਾਗੀ, ਮੱਕੀ, ਅਰਹਰ, ਸੋਇਆਬੀਨ (ਪੀਲਾ), ਤਿਲ ਤੇ ਰਾਮਤਿਲ ਸ਼ਾਮਲ ਹਨ। ਇਨ੍ਹਾਂ ਸਾਰੀਆਂ ਫ਼ਸਲਾਂ ਦੀ ਐਮ. ਐਸ. ਪੀ. ਖੇਤੀ ਵਿੱਚ ਆਉਣ ਵਾਲੀ ਲਾਗਤ ਤੋਂ ਘੱਟ ਤੋਂ ਘੱਟ 50 ਫੀਸਦੀ ਵੱਧ ਰੱਖਿਆ ਗਿਆ ਹੈ।

| ਕਿਸ ਫ਼ਸਲ 'ਤੇ ਕਿੰਨਾ ਐਮ. ਐਸ. ਪੀ. ਵਧਿਆ | | |
|---|---|---|
| ਫ਼ਸਲ | ਐਮ. ਐਸ. ਪੀ. | ਵਾਧਾ |
| ਝੋਨਾ (ਆਮ) | 2,369 | 69 |
| ਜਵਾਰ (ਹਾਈਬ੍ਰਿਡ) | 3,699 | 328 |
| ਬਾਜਰਾ | 2,775 | 150 |
| ਰਾਗੀ | 4,886 | 596 |
| ਮੱਕੀ | 2,400 | 175 |
| ਅਰਹਰ | 8,000 | 450 |
| ਮਾਂਹ | 7,800 | 400 |
| ਮੂੰਗੀ | 8,768 | 86 |
| ਮੂੰਗਫਲੀ | 7,263 | 480 |
| ਸੋਇਆਬੀਨ (ਪੀਲਾ) | 5,328 | 436 |
| ਸੂਰਜਮੁਖੀ | 7,721 | 441 |
| ਤਿਲ | 9,846 | 579 |
| ਰਾਮਤਿਲ | 9,537 | 820 |
| ਕਪਾਹ (ਦਰਮਿਆਨਾ) | 7,710 | 589 |
| (ਐਮ. ਐਸ. ਪੀ. ਪ੍ਰਤੀ ਕੁਇੰਟਲ ਵਿੱਚ) | | |

ਸਰਕਾਰ ਦੇ ਇਸ ਫੈਸਲੇ ਨਾਲ ਕਿਸਾਨਾਂ ਦਾ ਉਤਸ਼ਾਹ ਵਧੇਗਾ ਅਤੇ ਉਹ ਉਤਪਾਦਕਤਾ ਵਧਾਉਣ ਲਈ ਪ੍ਰੇਰਿਤ ਹੋਣਗੇ। ਕੈਬਨਿਟ ਦੀ ਮੀਟਿੰਗ ਤੋਂ ਬਾਅਦ ਸੂਚਨਾ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਣਵ ਨੇ ਮੀਡੀਆ ਨੂੰ ਦੱਸਿਆ ਕਿ ਦਾਲਾਂ ਤੇ ਤੇਲ ਬੀਜਾਂ ਦੀ ਐਮ. ਐਸ. ਪੀ. ਵਿੱਚ 9% ਤੱਕ ਦਾ ਵਾਧਾ ਕੀਤਾ ਗਿਆ ਹੈ। ਦੇਸ਼ ਵਿੱਚ ਦਾਲਾਂ ਦੀ ਭਾਰੀ ਕਮੀ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਇਸ ਦੇ ਵੱਧ ਤੋਂ ਵੱਧ ਉਤਪਾਦਨ ਲਈ ਕਿਸਾਨਾਂ ਨੂੰ ਪ੍ਰੇਰਣ ਦੀ ਯੋਜਨਾ ਤਹਿਤ ਉਕਤ ਫੈਸਲਾ ਲਿਆ ਹੈ। ਦੇਸ਼ ਵਿੱਚ ਸਭ ਤੋਂ ਵੱਧ ਮੰਗ ਅਰਹਰ ਦਾਲ ਦੀ ਹੈ। ਘਰੇਲੂ ਲੋੜਾਂ ਨੂੰ ਪੂਰਾ ਕਰਨ ਲਈ ਹਰ ਸਾਲ ਲੱਖਾਂ ਟਨ ਅਰਹਰ ਦਾਲ ਦੀ ਦਰਾਮਦ ਕਰਨੀ ਪੈਂਦੀ ਹੈ। ਉਤਪਾਦਨ ਵਧਾਉਣ ਲਈ ਅਰਹਰ ਦੀ ਐਮ. ਐਸ. ਪੀ. ਵਿੱਚ 450 ਰੁਪਏ ਦਾ ਵਾਧਾ ਕਰਦਿਆਂ ਇਸ ਨੂੰ 8,000 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਇਸ ਨਾਲ ਘਰੇਲੂ ਉਤਪਾਦਨ ਵਧਾਉਣ ਤੇ ਦਰਾਮਦ 'ਤੇ ਨਿਰਭਰਤਾ ਘੱਟ ਕਰਨ ਵਿੱਚ ਮੱਦਦ ਮਿਲੇਗੀ। ਉਂਜ ਵੀ ਸਰਕਾਰ ਨੇ ਦਾਲਾਂ ਵਿੱਚ ਆਤਮ-ਨਿਰਭਰ ਬਣਨ ਲਈ ਮੁਹਿੰਮ ਵਿੱਢੀ ਹੋਈ ਹੈ। ਸਰਕਾਰ ਨੇ ਤੇਲ ਬੀਜਾਂ ਦੀ ਐਮ. ਐਸ. ਪੀ. ਵਿੱਚ ਵੀ ਵੱਡਾ ਵਾਧਾ ਕੀਤਾ ਹੈ। ਰਾਮਤਿਲ ਦੀ ਐਮ. ਐਸ. ਪੀ. 820 ਰੁਪਏ ਵਧਾ ਕੇ 9,537 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਗਈ ਹੈ।

ਵੈਸ਼ਣਵ ਨੇ ਦੱਸਿਆ ਕਿ ਸਰਕਾਰ ਦਾ ਜ਼ੋਰ ਪੋਸ਼ਣ ਵਾਲੀਆਂ ਫ਼ਸਲਾਂ 'ਤੇ ਵੀ ਹੈ। ਹਾਲੀਆ ਸਾਲਾਂ ਵਿੱਚ ਦਾਲਾਂ, ਤੇਲ ਬੀਜਾਂ ਅਤੇ ਪੋਸ਼ਣ-ਯੁਕਤ 'ਸ਼੍ਰੀਅੰਨ' ਦੀ ਖੇਤੀ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਐਮ. ਐਸ. ਪੀ. ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਬਾਜਰੇ ਦੀ ਖੇਤੀ 'ਤੇ ਆਉਣ ਵਾਲੀ ਲਾਗਤ 'ਤੇ 63 ਫੀਸਦੀ ਅਤੇ ਮੱਕੀ ਤੇ ਅਰਹਰ 'ਤੇ 59 ਫੀਸਦੀ ਵਧਾ ਕੇ ਕਿਸਾਨਾਂ ਨੂੰ ਭੁਗਤਾਨ ਕੀਤਾ ਜਾਵੇਗਾ।

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੈਂਟ ਡਿਜ਼ਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਅੰਦਰ ਪੜ੍ਹੋ


ਕਿਸਾਨਾਂ ਲਈ ਲਾਹੇਵੰਦ ਹੈ ਝੋਨਾ ਲਾਉਣ ਵਾਲੀ ਮਸ਼ੀਨ


ਝੋਨੇ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਦੀ ਵਿਉਂਤਬੰਦੀ


ਝੋਨੇ-ਬਾਸਮਤੀ ਵਿੱਚ ਬੀਜ ਸੋਧ ਅਪਣਾਓ ਅਤੇ ਫ਼ਸਲ ਨੂੰ ਬਿਮਾਰੀ ਤੋਂ ਬਚਾਓ


ਨਰਮੇ ਦੀ ਫ਼ਸਲ ਵਿੱਚ ਨਦੀਨਾਂ ਤੋਂ ਨਿਜਾਤ ਪਾਉਣ ਲਈ ਢੁੱਕਵੇਂ ਪ੍ਰਬੰਧ ਕਰੋ

**ਪੰਜਾਬ ਅੰਦਰ ਖੇਤੀ ਦੇ ਖੇਤਰ ਵਿੱਚ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਣੀ ਆਮ ਜਿਹੀ ਗੱਲ ਹੋ ਗਈ ਹੈ, ਕਿਉਂਕਿ ਕਿਸਾਨਾਂ ਦੇ ਆਪਣੇ ਬੱਚੇ ਜਾਂ ਤਾਂ ਵਿਦੇਸ਼ ਚੱਲੇ ਗਏ ਹਨ ਜਾਂ ਫਿਰ ਖੇਤੀ ਦਾ ਧੰਦਾ ਖ਼ੁਦ ਨਹੀਂ ਕਰਨਾ ਚਾਹੁੰਦੇ । ਕੁਝ ਕੁ ਕਿਸਾਨ ਪਰਿਵਾਰ ਅਜਿਹੇ ਵੀ ਵੇਖੇ ਜਾ ਸਕਦੇ ਹਨ, ਜਿਨ੍ਹਾਂ ਦੇ ਬੱਚੇ ਖੇਤੀ ਦਾ ਧੰਦਾ ਕਰਦੇ ਹਨ । ਉਹ ਆਰਥਿਕ ਪੱਖੋਂ ਵੀ ਪੂਰੀ ਤਰ੍ਹਾਂ ਖੁਸ਼ਹਾਲ ਹਨ । ਉਹ ਵਿਦੇਸ਼ਾਂ ਵਿੱਚ ਲੇਬਰ ਕਰਨ ਦੀ ਬਜਾਏ ਆਪਣੇ ਕਾਰੋਬਾਰ ਕਰ ਰਹੇ ਹਨ ।**



**ਮਸ਼ੀਨ ਵਾਲੀ ਪਨੀਰੀ ਦੀ ਬਿਜਾਈ ਕਰਨ 'ਤੇ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪੈਂਦੀ ਹੈ**

# ਕਿਸਾਨਾਂ ਲਈ ਲਾਹੇਵੰਦ ਹੈ ਝੋਨਾ ਲਾਉਣ ਵਾਲੀ ਮਸ਼ੀਨ

ਪੰਜਾਬ ਅੰਦਰ ਝੋਨੇ ਦੀ ਲਵਾਈ ਤਿੰਨ ਪੜਾਵਾਂ ਵਿੱਚ ਹੋਵੇਗੀ । 1 ਜੂਨ ਤੋਂ ਫਰੀਦਕੋਟ, ਮੁਕਤਸਰ, ਫਾਜ਼ਿਲਕਾ, ਬਠਿੰਡਾ ਅਤੇ ਫਿਰੋਜ਼ਪੁਰ, 5 ਜੂਨ ਤੋਂ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪਨਗਰ, ਐਸ. ਐਸ. ਐਸ. ਨਗਰ ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ, 9 ਜੂਨ ਨੂੰ ਲੁਧਿਆਣਾ, ਮਾਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਜਲੰਧਰ, ਨਵਾਂ ਸ਼ਹਿਰ, ਕਪੂਰਥਲਾ ਜ਼ਿਲ੍ਹੇ ਵਿੱਚ ਝੋਨੇ ਦੀ ਲਵਾਈ



ਸ਼ੁਰੂ ਹੋਵੇਗੀ ਅਤੇ ਇਨ੍ਹਾਂ ਥਾਵਾਂ 'ਤੇ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦਾ ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ।

ਦੂਸਰੇ ਪਾਸੇ ਪੰਜਾਬ ਅੰਦਰ ਖੇਤੀ ਦੇ ਖੇਤਰ ਵਿੱਚ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਣੀ ਆਮ ਜਿਹੀ ਗੱਲ ਹੋ ਗਈ ਹੈ, ਕਿਉਂਕਿ ਕਿਸਾਨਾਂ ਦੇ ਆਪਣੇ ਬੱਚੇ ਜਾਂ ਤਾਂ ਵਿਦੇਸ਼ ਚੱਲੇ ਗਏ ਹਨ ਜਾਂ ਫਿਰ ਖੇਤੀ ਦਾ ਧੰਦਾ ਖੁਦ ਨਹੀਂ ਕਰਨਾ ਚਾਹੁੰਦੇ । ਕੁਝ ਕੁ ਕਿਸਾਨ ਪਰਿਵਾਰ ਅਜਿਹੇ ਵੀ ਵੇਖੇ ਜਾ ਸਕਦੇ ਹਨ, ਜਿਨ੍ਹਾਂ ਦੇ ਬੱਚੇ ਖੇਤੀ ਦਾ ਧੰਦਾ ਕਰਦੇ ਹਨ । ਉਹ ਆਰਥਿਕ ਪੱਖੋਂ ਵੀ ਪੂਰੀ ਤਰ੍ਹਾਂ ਖੁਸ਼ਹਾਲ ਹਨ । ਉਹ ਵਿਦੇਸ਼ਾਂ ਵਿੱਚ ਲੇਬਰ ਕਰਨ ਦੀ ਬਜਾਏ ਆਪਣੇ ਕਾਰੋਬਾਰ ਕਰ ਰਹੇ ਹਨ ।

ਗੱਲ ਚਾਹੇ ਦੇਸ਼ ਦੀ ਹੋਵੇ ਜਾਂ ਵਿਦੇਸ਼ ਦੀ, ਆਪਣਾ ਕੰਮ ਅਤੇ ਦੂਸਰੇ ਦੇ ਦਿਹਾੜੀ ਕਰਨ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੁੰਦਾ ਹੈ । 90 ਤੋਂ ਮਗਰਲੇ ਸਾਲਾਂ ਦੌਰਾਨ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਘਰ ਅਤੇ ਖੇਤਾਂ ਵਿੱਚ ਕੰਮ ਕਰਦੇ ਸਨ । ਬੱਚੇ ਅਤੇ ਬਜ਼ੁਰਗ ਖੇਤਾਂ ਵਿੱਚ ਮੱਝਾਂ ਚਰਾ ਕੇ ਲਿਆਉਂਦੇ ਸਨ, ਤਾਂ ਬਾਕੀ ਦਾ ਪਰਿਵਾਰ ਰੋਟੀ-ਟੁੱਕ ਤੋਂ ਲੈ ਕੇ ਕਪਾਹ/ਨਰਮੇ ਦੀ ਚੁਗਾਈ, ਮਿਰਚਾਂ ਦੀ ਤੁੜਾਈ ਅਤੇ ਮੌਸਮ ਦੇ ਅਨੁਸਾਰ ਖੇਤ ਦਾ ਹਰ ਕੰਮ ਕਰਦਾ ਸੀ ।

ਜਿਸ ਕਰਕੇ ਖੇਤੀ ਲਾਹੇਵੰਦ ਧੰਦਾ

**ਬ੍ਰਿਜ ਭਾਨ ਬੁਜਰਕ**

ਸੀ । ਪਰ ਹੁਣ ਖੇਤੀ ਦੇ ਹਰ ਖੇਤਰ ਵਿੱਚ ਮਸ਼ੀਨਾਂ ਦਾ ਬੋਲਬਾਲਾ ਹੋ ਗਿਆ ਹੈ । ਮੂੰਗਫਲੀ ਬੀਜਣਾ, ਮੂੰਗੀ ਬੀਜਣਾ, ਕਮਾਦ ਬੀਜਣਾ, ਝੋਨਾ ਲਗਾਉਣਾ, ਲੱਸ੍ਹਣ ਬੀਜਣ ਆਦਿ ਤੋਂ ਲੈ ਕੇ ਹਰ ਫ਼ਸਲ ਲਈ ਮਸ਼ੀਨਰੀ ਦੀ ਵਰਤੋਂ ਹੋਣ ਲੱਗ ਪਈ ਹੈ । ਹੁਣ ਪੰਜਾਬ ਅੰਦਰ ਝੋਨੇ ਦੀ ਲਵਾਈ ਸ਼ੁਰੂ ਹੋਣ ਜਾ ਰਹੀ ਹੈ, ਪਰ ਮਜ਼ਦੂਰਾਂ ਦੀ ਘਾਟ ਰੜਕਦੀ ਰਹਿੰਦੀ ਹੈ । ਪੇਂਡੂ ਖੇਤਰਾਂ ਵਿੱਚ ਤਾਂ ਮਜ਼ਦੂਰ ਭਾਲਿਆਂ ਵੀ ਨਹੀਂ ਲੱਭਦਾ । ਕਿਉਂਕਿ ਨਵੇਂ ਮੁੰਡਿਆਂ ਲਈ ਸ਼ਹਿਰੀਕਰਨ ਵਿੱਚ ਮਕੈਨੀਕਲ ਕੰਮਾਂ ਦੀ ਕੋਈ ਘਾਟ ਨਹੀਂ ਹੈ । ਜਿਸ ਕਰਕੇ ਹੁਣ ਝੋਨਾ ਲਗਾਉਣ ਵਾਲੀ ਮਸ਼ੀਨ ਦੀ ਵਰਤੋਂ ਦਾ ਰੁਝਾਨ ਵਧਦਾ ਜਾ ਰਿਹਾ ਹੈ ।

ਭਾਵੇਂ ਹਰ ਸਾਲ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਜਾਂਦੀ ਹੈ । ਫਿਰ ਵੀ ਝੋਨਾ ਲਗਾਉਣਾ ਬਹੁਤ ਗਿਣਤੀ ਕਿਸਾਨਾਂ ਦੀ ਮਜ਼ਬੂਰੀ ਹੈ । 50 ਏਕੜ ਤੋਂ ਜ਼ਿਆਦਾ ਝੋਨਾ ਲਗਾਉਣ ਵਾਲੇ ਕਿਸਾਨਾਂ ਨੂੰ ਮਜ਼ਦੂਰਾਂ ਦੀ ਸਮੱਸਿਆ ਰਹੀ ਹੈ । ਜਿਸ ਕਰਕੇ ਉਨ੍ਹਾਂ ਲਈ ਝੋਨਾ ਲਗਾਉਣ ਵਾਲੀ ਮਸ਼ੀਨ ਲਾਹੇਵੰਦ ਸਿੱਧ ਹੋ ਸਕਦੀ ਹੈ । ਇਹ ਮਸ਼ੀਨ ਕੰਬਾਈਨ, ਜ਼ੀਰੋ ਡਰਿੱਲ ਅਤੇ ਹੋਰ ਖੇਤੀ ਮਸ਼ੀਨਰੀ ਨਾਲੋਂ ਕਿਤੇ ਵਧੀਆ ਹੈ, ਕਿਉਂਕਿ 50 ਏਕੜ ਅਤੇ ਇਸ ਤੋਂ ਜ਼ਿਆਦਾ ਝੋਨਾ ਲਗਾਉਣ ਵਾਲਾ ਕਿਸਾਨ ਇਸ ਮਸ਼ੀਨ ਨੂੰ ਖਰੀਦ ਵੀ ਸਕਦਾ ਹੈ । ਖੇਤੀਬਾੜੀ ਵਿਭਾਗ ਵੱਲੋਂ ਇਸ ਮਸ਼ੀਨ 'ਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ ।

ਹੋਰਨਾਂ ਮਸ਼ੀਨਾਂ ਦੇ ਬਦਲੇ ਇਹ ਮਸ਼ੀਨ ਸਸਤੀ ਪੈਂਦੀ ਹੈ । ਬੇਸ਼ੱਕ ਪੰਜਾਬ ਵਿੱਚ ਹੱਥੀਂ ਕੰਮ ਕਰਾਉਣ ਲਈ ਮਜ਼ਦੂਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ, ਪਰ ਮਜ਼ਬੂਰ ਬਹੁਤ ਘੱਟ ਮਿਲਦੇ ਹਨ । ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਕਿਸਾਨ ਆਪਣੇ ਖੇਤਾਂ ਵਿੱਚ ਮਸ਼ੀਨ ਨਾਲ ਝੋਨਾ ਲਗਾਉਣ ਦੇ ਨਾਲ ਹੀ ਹੋਰ ਕਿਸਾਨਾਂ ਦੇ ਖੇਤਾਂ ਵਿੱਚ ਮਸ਼ੀਨਾਂ ਨਾਲ ਝੋਨਾ ਲਗਾਉਂਦੇ ਹਨ ਜਾਂ ਫਿਰ ਇਹ ਕਹਿ ਲਈਏ ਕਿ ਝੋਨਾ ਲਾਉਣ ਵਾਲੀ ਮਸ਼ੀਨ ਨੂੰ ਸਹਾਇਕ ਧੰਦੇ ਵਜੋਂ ਵੀ ਵਰਤਿਆ ਜਾ ਸਕਦਾ ਹੈ ।

ਸਰਦੀ ਦੇ ਮੌਸਮ ਵਿੱਚ ਕੁਝ ਕਿਸਾਨ ਖੁੰਬਾਂ ਦੀ ਕਾਸ਼ਤ ਕਰਦੇ ਹਨ ਅਤੇ ਕੁਝ ਕਿਸਾਨ ਗੰਨੇ ਪੀੜਨ ਲਈ ਘੁਲਾੜੀ ਚਲਾਉਂਦੇ ਹਨ । ਇਸੇ ਤਰ੍ਹਾਂ ਸਾਉਣੀ ਫ਼ਸਲ ਮੌਕੇ ਝੋਨਾ ਲਾਉਣ ਵਾਲੀ ਮਸ਼ੀਨ ਵੀ ਰੱਖੀ ਜਾ ਸਕਦੀ ਹੈ । ਪੰਜਾਬ ਵਿੱਚ ਇਹੋ ਜਿਹੇ ਕਿਸਾਨ ਵੀ ਹਨ, ਜਿਹੜੇ ਝੋਨਾ ਲਗਾਉਣ ਵਾਲੀ ਇੱਕ ਮਸ਼ੀਨ ਲੈ ਕੇ ਆਏ ਸੀ । ਉਸ ਨਾਲ ਝੋਨੇ ਦੀ ਲਵਾਈ ਕਰਕੇ ਕਮਾਏ ਹੋਏ ਪੈਸਿਆਂ ਨਾਲ ਇੱਕ ਹੋਰ ਮਸ਼ੀਨ ਲੈ ਆਏ । ਹੁਣ ਉਨ੍ਹਾਂ ਕੋਲ ਝੋਨਾ ਲਗਾਉਣ ਵਾਲੀਆਂ ਕਈ-ਕਈ ਮਸ਼ੀਨਾਂ ਹਨ ਅਤੇ ਇਕੋ ਵੇਲੇ ਕਿਸਾਨ ਦੇ ਖੇਤ ਵਿੱਚ 2-2 ਮਸ਼ੀਨਾਂ ਇਕੱਠੀਆਂ ਚੱਲਦੀਆਂ ਹਨ ।

ਇੱਕ ਦਿਨ ਵਿੱਚ ਇੱਕ ਮਸ਼ੀਨ ਤਕਰੀਬਨ 5 ਏਕੜ ਝੋਨਾ ਲਗਾ ਦਿੰਦੀ ਹੈ । ਝੋਨੇ ਵਾਲੀ ਮਸ਼ੀਨ ਦੇ ਮਾਲਕ ਆਪਣੀ ਪਨੀਰੀ ਸਮੇਤ ਪ੍ਰਤੀ ਏਕੜ ਦੇ ਤਕਰੀਬਨ 3500 ਰੁਪਏ ਲੈਂਦੇ ਹਨ । ਜੇਕਰ ਝੋਨਾ ਲਗਾਉਣ ਵਾਲੀਆਂ ਦੋ ਮਸ਼ੀਨਾਂ ਇਕੱਠੀਆਂ ਚੱਲਦੀਆਂ ਹੋਣ ਤਾਂ ਝੋਨੇ ਦਾ ਸੀਜ਼ਨ ਵਧੀਆ ਲੱਗਦਾ ਹੈ । ਮਸ਼ੀਨ ਨਾਲ ਝੋਨਾ ਲਗਾਉਣ ਨਾਲ ਪ੍ਰਤੀ ਏਕੜ 3 ਕੁਇੰਟਲ ਝਾੜ ਵੀ ਵਧਦਾ ਹੈ ਅਤੇ ਇੱਕ ਏਕੜ ਦਾ ਝੋਨਾ ਲਗਾਉਣ ਲਈ ਮਸ਼ੀਨ 3/4 ਲੀਟਰ ਪੈਟਰੋਲ ਦੀ ਖਪਤ ਕਰਦੀ ਹੈ, ਜਿਸ ਕਰਕੇ ਝੋਨਾ ਲਗਾਉਣ ਵਾਲੀ ਮਸ਼ੀਨ ਤੋਂ ਘੱਟ ਖਰਚਾ ਕਿਸੇ ਵੀ ਢੰਗ ਨਾਲ ਨਹੀਂ ਆਉਂਦਾ ।

ਮਸ਼ੀਨ ਵਾਲੀ ਪਨੀਰੀ ਦੀ ਬਿਜਾਈ ਕਰਨ 'ਤੇ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪੈਂਦੀ ਹੈ । ਕਿਉਂਕਿ ਮਿੱਟੀ ਦੇ ਬੈਡ ਬਣਾ ਕੇ ਪਲਾਸਟਿਕ ਦੀ ਸ਼ੀਟ 'ਤੇ ਝੋਨੇ ਦੀ ਪਨੀਰੀ ਬੀਜਣੀ ਪੈਂਦੀ ਹੈ । ਜਿਸ ਕਰਕੇ ਪਨੀਰੀ ਬੀਜਣ 'ਤੇ ਮਿਹਨਤ ਜ਼ਿਆਦਾ ਹੈ । ਬੈਡਾਂ 'ਤੇ ਬੀਜੀ ਹੋਈ ਪਨੀਰੀ ਹੀ ਮਸ਼ੀਨ ਵਿੱਚ ਰੱਖ ਕੇ ਲਵਾਈ ਸ਼ੁਰੂ ਕੀਤੀ ਜਾਂਦੀ ਹੈ । ਕੁੱਲ ਮਿਲਾ ਕੇ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਝੋਨਾ ਲਾਉਣ ਵਾਲੀ ਮਸ਼ੀਨ ਦਾ ਰੁਝਾਨ ਵਧਦਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਲਵਾਈ ਨੂੰ 3 ਪੜਾਵਾਂ ਵਿੱਚ ਵੰਡਣ ਨਾਲ ਮਸ਼ੀਨਾਂ ਦੀ ਵਰਤੋਂ ਜ਼ਿਆਦਾ ਦਿਨ ਹੋਣ ਨਾਲ ਕਮਾਈ ਹੋਰ ਵੀ ਜ਼ਿਆਦਾ ਹੋ ਸਕਦੀ ਹੈ ।

# ਖੇਤਾਂ ਨੂੰ ਧੁੱਪ ਲਵਾਓ, ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਓ

ਸਾਰਾ ਸਾਲ ਕਿਸਾਨ ਖੇਤਾਂ ਵਿੱਚੋਂ ਕਈ ਫ਼ਸਲਾਂ ਲੈਂਦਾ ਹੈ । ਸਾਲ ਦੇ ਮਈ-ਜੂਨ ਦੇ ਦੋ ਮਹੀਨੇ ਸਾਨੂੰ ਆਪਣੀ ਮਿੱਟੀ ਦੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ । ਅੱਜਕੱਲ੍ਹ ਜਿਸ ਪਾਸੇ ਦੇਖੀਏ ਦੂਰ-ਦੂਰ ਤੱਕ ਖਾਲੀ ਖੇਤ ਹੀ ਨਜ਼ਰ ਆ ਰਹੇ ਹਨ । ਕਿਸਾਨ ਝੋਨੇ ਅਤੇ ਬਾਸਮਤੀ ਦੀਆਂ ਪਨੀਰੀਆਂ ਬੀਜਣ ਵਿੱਚ ਰੁੱਝੇ ਹੋਏ ਹਨ । ਇਨ੍ਹਾਂ ਦਿਨਾਂ ਵਿੱਚ ਕਿਸਾਨ ਨੂੰ ਖੇਤ ਵਾਹ ਕੇ ਛੱਡ ਦੇਣੇ ਚਾਹੀਦੇ ਹਨ ਅਤੇ ਸੂਰਜ ਦੀ ਧੁੱਪ ਲਗਾਉਣੀ ਚਾਹੀਦੀ ਹੈ । ਇਸ ਸੂਰਜੀ ਧੁੱਪ ਲਗਾਉਣ ਦੇ ਹੇਠ ਲਿਖੇ ਕਈ ਫਾਇਦੇ ਹਨ :-

**ਬਿਮਾਰੀਆਂ ਦਾ ਪ੍ਰਬੰਧਨ** : ਕਣਕ ਵੱਢਣ ਤੋਂ ਬਾਅਦ ਜੇ ਲਗਾਤਾਰ ਖੇਤਾਂ ਵਿੱਚ ਪਾਣੀ ਲੱਗਦਾ ਰਹੇ ਤਾਂ ਮਿੱਟੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਵਧਣ-ਫੁੱਲਣ ਦਾ ਮੌਕਾ ਮਿਲ ਜਾਂਦਾ ਹੈ । ਮਿੱਟੀ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਵਾਲੇ ਕੀਟਾਣੂ ਪਾਏ ਜਾਂਦੇ ਹਨ, ਜਿਵੇਂ ਕਿ ਉੱਲੀਆਂ, ਬੈਕਟੀਰੀਆ, ਨੀਮਾਟੋਡ ਆਦਿ । ਬਿਮਾਰੀ ਵਾਲੀਆਂ ਉੱਲੀਆਂ ਜ਼ਮੀਨ ਵਿੱਚ ਕਈ ਸਾਲ ਤੱਕ ਜੀਵਿਤ ਰਹਿੰਦੀਆਂ ਹਨ । ਪਰ ਜੇਕਰ ਧੁੱਪ ਵਾਲਾ ਮੌਸਮ ਕਈ ਦਿਨਾਂ ਜਾਂ ਹਫਤਿਆਂ ਤੱਕ ਰਹਿੰਦਾ ਹੈ ਤਾਂ ਸੂਰਜ ਦੀ ਗਰਮੀ ਮਿੱਟੀ ਦੇ ਤਾਪਮਾਨ ਨੂੰ ਉਸ ਪੱਧਰ ਤੱਕ ਵਧਾ ਦਿੰਦੀ ਹੈ, ਜਿਸ ਨਾਲ ਮਿੱਟੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਖਾਤਮਾ ਕਾਫੀ ਹੱਦ ਤੱਕ ਹੋ ਜਾਂਦਾ ਹੈ, ਜਿਵੇਂ ਫਿਊਜ਼ਰੀਅਲ ਵਿਲਟ ਅਤੇ ਟਮਾਟਰ ਦੇ ਬੈਕਟੀਰੀਅਲ ਕੈਂਸਰ ਨੂੰ ਸੂਰਜੀ ਧੁੱਪ ਲਗਾਉਣ ਨਾਲ ਘਟਾਇਆ ਜਾ ਸਕਦਾ ਹੈ ।

**ਕੀੜੇ-ਮਕੌੜਿਆਂ ਦਾ ਪ੍ਰਬੰਧਨ** : ਲਗਾਤਾਰ ਪਾਣੀ ਲਗਾਉਣ ਨਾਲ ਵੱਟਾਂ ਉੱਪਰ ਉੱਗੇ ਨਦੀਨਾਂ ਵਿੱਚ ਕੁਝ ਕੀੜੇ-ਮਕੌੜੇ ਪਲਦੇ ਰਹਿੰਦੇ ਹਨ, ਜਿਸ ਕਰਕੇ ਕੁਝ ਕੀੜਿਆਂ ਦਾ ਜੀਵਨ ਚੱਕਰ ਲਗਾਤਾਰ ਸਾਰਾ ਸਾਲ ਚੱਲਦਾ ਰਹਿੰਦਾ ਹੈ । ਖੇਤਾਂ ਨੂੰ ਹਲ ਨਾਲ ਵਾਹ ਕੇ ਚੰਗੀ ਧੁੱਪ ਲਗਾਉਣ ਨਾਲ ਜ਼ਮੀਨ ਵਿੱਚ ਮੌਜੂਦ ਕੀੜੇ-ਮਕੌੜਿਆਂ ਦੇ ਅੰਡੇ, ਪਿਊਪੇ, ਸੁੰਡੀਆਂ ਆਦਿ ਗਰਮੀ ਦੇ ਪ੍ਰਭਾਵ ਨਾਲ ਨਸ਼ਟ ਹੋ ਜਾਂਦੇ ਹਨ । ਇਸ ਤਰ੍ਹਾਂ ਆਉਣ ਵਾਲੀ ਫ਼ਸਲ 'ਤੇ ਕੀੜਿਆਂ ਦਾ ਹਮਲਾ ਘੱਟ ਜਾਂਦਾ ਹੈ ।

**ਨਦੀਨਾਂ ਦਾ ਪ੍ਰਬੰਧਨ** : ਜ਼ਮੀਨ ਨੂੰ ਵਾਹ ਕੇ ਧੁੱਪ ਲਗਾਉਣ ਨਾਲ ਕਈ ਨਦੀਨਾਂ ਦੇ ਬੀਜ ਅਤੇ ਬੂਟੇ ਜਿਵੇਂ ਕਿ ਲੂੰਬੜ ਘਾਹ, ਚੁਲਾਈ, ਇਟਸਿਟ, ਮੋਥਾ ਆਦਿ ਬਿਲਕੁਲ ਸੁੱਕ ਕੇ ਮਰ ਜਾਂਦੇ ਹਨ । ਪਰ ਖੁੱਲ੍ਹਾ ਪਾਣੀ ਲੱਗਣ ਨਾਲ ਇਹ ਨਦੀਨ ਖੇਤ ਵਿੱਚ ਬਹੁਤ ਜ਼ਿਆਦਾ ਵੱਧ ਜਾਂਦੇ ਹਨ, ਜਿਨ੍ਹਾਂ ਦੀ ਰੋਕਥਾਮ ਕਰਨੀ ਬਾਅਦ ਵਿੱਚ ਮੁਸ਼ਕਿਲ ਹੋ ਜਾਂਦੀ ਹੈ ।

**ਮਿੱਟੀ ਦੀ ਬਣਤਰ ਵਿੱਚ ਸੁਧਾਰ** : ਹਲ ਵਾਹੁਣ ਨਾਲ ਮਿੱਟੀ ਵਿੱਚ ਹਵਾ ਦੀ ਨਿਕਾਸੀ ਵਿੱਚ ਸੁਧਾਰ ਹੋ ਜਾਂਦਾ ਹੈ, ਜੋ ਜੜ੍ਹਾਂ ਦੇ ਵਿਕਾਸ ਅਤੇ ਪੌਦਿਆਂ ਦੀ ਸਮੁੱਚੀ ਸਿਹਤ ਲਈ ਲਾਭਦਾਇਕ ਹੈ ।

**ਪਾਣੀ ਦੀ ਬੱਚਤ** : ਜੇ ਕਿਸਾਨ ਖੇਤਾਂ ਵਿੱਚ ਵਾਧੂ ਪਾਣੀ ਨਾ ਛੱਡਣ ਤਾਂ ਹੋਰ ਫਾਇਦਿਆਂ ਦੇ ਨਾਲ-ਨਾਲ ਪਾਣੀ ਦੀ ਬੱਚਤ ਵੀ ਬੜੇ ਸੁਚੱਜੇ ਤਰੀਕੇ ਨਾਲ ਕੀਤੀ ਜਾ ਸਕਦੀ ਹੈ ।

**ਪਰਮਿੰਦਰ ਕੌਰ ਤੇ ਸਵਰੀਤ ਖਹਿਰਾ, ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ**



# ਝੋਨੇ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਦੀ ਵਿਉਂਤਬੰਦੀ

ਕਿਸੇ ਵੀ ਫ਼ਸਲ ਤੋਂ ਚੰਗਾ ਝਾੜ ਪ੍ਰਾਪਤ ਕਰਨ ਲਈ ਉਸ ਦਾ ਮੁੱਢ ਤੋਂ ਹੀ ਨਰੋਆ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸੇ ਲਈ ਬੀਜ ਦਾ ਬਿਮਾਰੀ ਰਹਿਤ, ਨਰੋਆ ਅਤੇ ਚੰਗੇ ਜੰਮ ਵਾਲਾ ਹੋਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਕੁਝ ਫ਼ਸਲਾਂ ਆਦਿ ਜਿਨ੍ਹਾਂ ਦੀ ਕਾਸ਼ਤ ਲਈ ਪਨੀਰੀ ਤਿਆਰ ਕੀਤੀ ਜਾਂਦੀ ਹੈ, ਉਨ੍ਹਾਂ ਲਈ ਤੰਦਰੁਸਤ ਅਤੇ ਨਰੋਈ ਪਨੀਰੀ ਵੀ ਫ਼ਸਲ ਦੇ ਚੰਗੇ ਝਾੜ ਨੂੰ ਨਿਰਧਾਰਿਤ ਕਰਦੀ ਹੈ। ਝੋਨੇ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਲਈ ਕਾਸ਼ਤਕਾਰੀ ਢੰਗਾਂ, ਝੋਨੇ ਦੀ ਕਿਸਮ, ਜ਼ਮੀਨ ਦੀ ਬਣਤਰ, ਉਪਲੱਬਧ ਸਾਧਨ ਆਦਿ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ।

ਮਨਜਿੰਦਰ ਸਿੰਘ ਅਤੇ ਜਗਜੋਤ ਸਿੰਘ ਗਿੱਲ,
ਜ਼ਿਲ੍ਹਾ ਪਸਾਰ ਵਿਗਿਆਨੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ,
ਫਾਰਮ ਸਲਾਹਕਾਰ ਸੇਵਾ ਕੇਂਦਰ, ਜਲੰਧਰ ਤੇ ਫਿਰੋਜ਼ਪੁਰ

**ਹੱਥੀਂ ਲਵਾਈ ਲਈ ਪਨੀਰੀ**

**ਬਿਜਾਈ ਦਾ ਸਮਾਂ :** ਕਿਸਮਾਂ ਦੀ ਉਮਰ ਅਨੁਸਾਰ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ 20 ਮਈ ਤੋਂ 20 ਜੂਨ ਹੈ। (ਸਾਰਣੀ-1)

ਜ਼ਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਪਹਿਲਾਂ ਬੀਜਣਾ ਚਾਹੀਦਾ ਹੈ ਅਤੇ 25-30 ਦਿਨ ਉਮਰ ਦੀ ਪਨੀਰੀ ਨੂੰ ਖੇਤ ਵਿੱਚ ਲਗਾ ਦੇਣਾ ਚਾਹੀਦਾ ਹੈ ਅਤੇ ਪਨੀਰੀ ਨਰਮ ਹੋਣੀ ਚਾਹੀਦੀ ਹੈ, ਨਹੀਂ ਤਾਂ ਬੂਟੇ ਬੂਝਾ ਘੱਟ ਮਾਰਦੇ ਹਨ ਅਤੇ ਜਲਦੀ ਹੀ ਮੁੰਝਰ ਕੱਢ ਲੈਂਦੇ ਹਨ, ਜਿਸ ਨਾਲ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਛੋਟੀ ਉਮਰ 'ਤੇ ਜਲਦ ਵਾਧੇ ਵਾਲੀਆਂ ਕਿਸਮਾਂ (ਜਿਵੇਂ ਕਿ ਪੀ. ਆਰ.-126) ਦੀ ਪਨੀਰੀ 25 ਦਿਨਾਂ ਵਿੱਚ ਹੀ ਲਗਾਉਣ ਲਈ ਤਿਆਰ ਹੋ ਜਾਂਦੀ ਹੈ। ਇਸ ਨੂੰ ਇਸ ਸਮੇਂ ਲਗਾਉਣ ਨਾਲ ਚੰਗੀ ਪੈਦਾਵਾਰ ਲਈ ਜਾ ਸਕਦੀ ਹੈ। ਜੇਕਰ ਝੋਨਾ ਜ਼ਿਆਦਾ ਰਕਬੇ ਵਿੱਚ ਲਗਾਉਣਾ ਹੋਵੇ ਤਾਂ ਸਾਰੀ ਪਨੀਰੀ ਨੂੰ ਇਕੋ ਸਮੇਂ ਨਹੀਂ ਬੀਜਣਾ ਚਾਹੀਦਾ, ਸਗੋਂ ਥੋੜ੍ਹੇ-ਥੋੜ੍ਹੇ ਰਕਬੇ 'ਤੇ ਸਮੇਂ ਸਿਰ ਅੰਤਰ ਰੱਖ ਕੇ ਬੀਜਣਾ ਚਾਹੀਦਾ ਹੈ ਤਾਂ ਜੋ ਨਰਮ ਪਨੀਰੀ ਉਪਲੱਬਧ ਹੋ ਸਕੇ।

**ਬੀਜ ਮਾਤਰਾ ਅਤੇ ਸੋਧ :** ਬੀਜ ਦੀ ਸੁਧਾਈ ਲਈ ਬੀਜ ਨੂੰ ਪਾਣੀ ਵਿੱਚ ਪਾ ਕੇ ਚੰਗੀ ਤਰ੍ਹਾਂ ਹਿਲਾਉਣਾ ਚਾਹੀਦਾ ਹੈ। ਜਿਹੜਾ ਬੀਜ ਪਾਣੀ ਦੇ ਉੱਤੇ ਤਰ ਜਾਵੇ, ਉਸ ਨੂੰ ਵੱਖ ਕਰ ਲਓ ਅਤੇ ਹੇਠਾਂ ਡੁੱਬੇ ਭਾਰੇ ਬੀਜ ਨੂੰ ਹੀ ਬਿਜਾਈ ਲਈ ਵਰਤੋ। ਅਜਿਹੇ ਭਾਰੇ ਅੱਠ ਕਿਲੋ ਬੀਜ ਨਾਲ ਬੀਜੀ ਪਨੀਰੀ ਇੱਕ ਏਕੜ ਦੀ ਲਵਾਈ ਲਈ ਕਾਫ਼ੀ ਹੈ। ਬੀਜ ਨੂੰ ਪਾਣੀ ਵਿੱਚੋਂ ਕੱਢ ਕੇ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਊ. ਐਸ. ਨੂੰ 10-12 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਬੀਜ ਨੂੰ ਚੰਗੀ ਤਰ੍ਹਾਂ ਲਗਾ ਲੈਣਾ ਚਾਹੀਦਾ ਹੈ। ਸੋਧੇ ਹੋਏ ਭਿੱਜੇ ਬੀਜ ਨੂੰ ਛਾਂ ਵਾਲੀ ਜਗ੍ਹਾ ਵਿੱਚ ਪਟਸਨ ਦੀਆਂ ਗਿੱਲੀਆਂ ਬੋਰੀਆਂ 'ਤੇ 7-8 ਸੈਂਟੀਮੀਟਰ ਮੋਟੀ ਤਹਿ ਵਿੱਚ ਖਿਲਾਰ ਕੇ ਉੱਪਰੋਂ ਗਿੱਲੀਆਂ ਪਟਸਨ ਦੀਆਂ ਬੋਰੀਆਂ ਨਾਲ ਢੱਕ ਦੇਣਾ ਚਾਹੀਦਾ ਹੈ ਅਤੇ ਢਕੇ ਹੋਏ ਬੀਜ ਨੂੰ ਸਮੇਂ-ਸਮੇਂ ਸਿਰ ਪਾਣੀ ਛਿੜਕਾ ਕੇ ਗਿੱਲਾ ਰੱਖੋ। 24 ਤੋਂ 36 ਘੰਟਿਆਂ ਵਿੱਚ ਬੀਜ ਪੁੰਗਰ ਆਉਂਦਾ ਹੈ, ਜਿਸ ਨੂੰ ਖੇਤ ਵਿੱਚ ਛੱਟਾ ਦੇ ਕੇ ਬੀਜ ਦੇਣਾ ਚਾਹੀਦਾ ਹੈ। ਬੀਜ ਨੂੰ ਜ਼ਿਆਦਾ ਦੇਰ ਤੱਕ ਨਹੀਂ ਦਬਾਉਣਾ ਚਾਹੀਦਾ, ਜੇਕਰ ਪੁੰਗਾਰ ਜ਼ਿਆਦਾ ਵੱਡਾ ਹੋ ਜਾਵੇ ਤਾਂ ਟੁੱਟਣ ਅਤੇ ਸੁੱਕਣ ਦਾ ਡਰ ਰਹਿੰਦਾ ਹੈ। ਬੀਜ ਨੂੰ ਗਰਮ ਜਗ੍ਹਾ ਜਾਂ ਧੁੱਪ ਵਿੱਚ ਨਹੀਂ ਦਬਾਉਣਾ, ਇਸ ਨਾਲ ਬੀਜ ਭੜਾਸ ਮਾਰ ਜਾਂਦਾ ਹੈ ਅਤੇ ਪੁੰਗਾਰ ਮਰ ਜਾਂਦਾ ਹੈ।


| ਸਾਰਣੀ-1 : ਝੋਨੇ ਦੀ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ | |
|---|---|
| ਕਿਸਮਾਂ | ਪਨੀਰੀ ਬੀਜਣ ਦਾ ਸਮਾਂ |
| ਪੀ. ਆਰ.-132, ਪੀ. ਆਰ.-121, ਪੀ. ਆਰ.-122, ਪੀ. ਆਰ.-128, ਪੀ. ਆਰ.-131, ਪੀ. ਆਰ.-114, ਪੀ. ਆਰ.-113 | 20-25 ਮਈ |
| ਪੀ. ਆਰ.-127, ਐਚ. ਕੇ. ਆਰ.-47 | 25-31 ਮਈ |
| ਪੀ. ਆਰ.-126 | 25 ਮਈ-20 ਜੂਨ |



**ਜ਼ਮੀਨ ਦੀ ਤਿਆਰੀ ਅਤੇ ਖਾਦਾਂ :** ਬੀਜ ਬੀਜਣ ਤੋਂ ਪਹਿਲਾਂ 12-15 ਟਨ ਪ੍ਰਤੀ ਏਕੜ ਤਿਆਰ ਰੂੜੀ ਜਾਂ ਕੰਪੋਸਟ ਖਾਦ ਪਾ ਕੇ ਵਾਹੁਣ ਉਪਰੰਤ ਪਾਣੀ ਲਾ ਦੇਣਾ ਚਾਹੀਦਾ ਹੈ ਤਾਂ ਜੋ ਜ਼ਮੀਨ 'ਤੇ ਰੂੜੀ ਵਿੱਚ ਪਏ ਨਦੀਨ ਉੱਗ ਪੈਣ। ਨਦੀਨਾਂ ਦੀ ਰੋਕਥਾਮ ਲਈ ਖੇਤ ਨੂੰ ਦੋ ਵਾਰ ਵਾਹ ਕੇ ਤਿਆਰ ਕਰ ਲਉ। ਪਨੀਰੀ ਬੀਜਣ ਸਮੇਂ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡੇਟ ਜਾਂ 25.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਪਾ ਲੈਣਾ ਚਾਹੀਦਾ ਹੈ। ਖੇਤ ਨੂੰ ਕੱਦੂ ਕਰਕੇ ਜਾਂ ਬਿਨਾਂ ਕੱਦੂ ਕੀਤੇ ਵੀ ਪਨੀਰੀ ਬੀਜੀ ਜਾ ਸਕਦੀ ਹੈ। ਹਲਕੀਆਂ ਜ਼ਮੀਨਾਂ ਵਿੱਚ ਖੇਤ ਨੂੰ ਕੱਦੂ ਕਰਕੇ ਹੀ ਪਨੀਰੀ ਬੀਜਣੀ ਚਾਹੀਦੀ ਹੈ, ਜਿਸ ਨਾਲ ਪਨੀਰੀ ਵਿੱਚ ਲੋਹੇ ਦੀ ਘਾਟ ਆਉਣ ਦੀ ਸੰਭਾਵਨਾ ਘੱਟ ਜਾਂਦੀ ਹੈ। ਪੁੰਗਰੇ ਬੀਜ ਨੂੰ ਖੇਤ ਵਿੱਚ ਇਕਸਾਰ ਛੱਟਾ ਮਾਰ ਕੇ ਬੀਜ ਦੇਣਾ ਚਾਹੀਦਾ ਹੈ। ਜ਼ਮੀਨ ਨੂੰ ਵਾਰ-ਵਾਰ ਪਾਣੀ ਲਾ ਕੇ ਗਿੱਲਾ ਰੱਖਣਾ ਚਾਹੀਦਾ ਹੈ। ਪਨੀਰੀ ਬੀਜਣ ਤੋਂ 15 ਦਿਨਾਂ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉਣਾ ਚਾਹੀਦਾ ਹੈ, ਤਾਂ ਜੋ ਪਨੀਰੀ 25-30 ਦਿਨਾਂ ਵਿੱਚ ਲਾਉਣ ਲਈ ਤਿਆਰ ਹੋ ਜਾਵੇ। ਜੇਕਰ ਕੁਝ ਕਾਰਨਾਂ ਕਰਕੇ ਪਨੀਰੀ ਦੀ ਉਮਰ 45 ਦਿਨਾਂ ਤੋਂ ਵੱਧ ਹੋਣ ਦੀ ਸੰਭਾਵਨਾ ਹੋਵੇ (ਸਿਰਫ ਲੰਬੀ ਉਮਰ ਦੀਆਂ ਕਿਸਮਾਂ ਵਾਸਤੇ) ਤਾਂ ਬਿਜਾਈ ਤੋਂ 4 ਹਫਤੇ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉਣਾ ਚਾਹੀਦਾ ਹੈ।

**ਨਦੀਨਾਂ ਦੀ ਰੋਕਥਾਮ :** ਪਨੀਰੀ ਵਿੱਚ ਮੌਸਮੀ ਘਾਹ, ਸਵਾਂਕ ਆਦਿ ਦੀ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 22**
**ਮਿਤੀ 31-05-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : JAGPREET SINGH,
Printer, Publisher and Owner of Weekly
'KHETI DUNIYAN' Printed at Vargina Printers,
Shere-e-Punjab Market, Gaushala Road, Patiala-147001 (Pb.)
and published from Kheti Duniyan, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.PUNPUN00806




# ਸਵੱਛ ਹਵਾ ਸਾਰਿਆਂ ਲਈ ਸਾਲ ਭਰ ਦਾ ਅਧਿਕਾਰ ਹੋਣਾ ਚਾਹੀਦਾ ਹੈ

ਬੀਤੇ ਸ਼ੁੱਕਰਵਾਰ ਦਿੱਲੀ ਦੇ ਕਈ ਇਲਾਕਿਆਂ 'ਚ ਏ. ਕਿਊ. ਆਈ. ਦਾ ਪੱਧਰ 300 ਦੇ ਪਾਰ ਚਲਾ ਗਿਆ ਜਦਕਿ ਉਸ ਤੋਂ ਇਕ ਦਿਨ ਪਹਿਲਾਂ ਵੀਰਵਾਰ ਨੂੰ ਧੂੜ ਭਰੀ ਹਨੇਰੀ ਕਾਰਨ ਪ੍ਰਦੂਸ਼ਕ ਪੱਧਰ ਵਧ ਗਿਆ ਸੀ। ਸਾਲ ਭਰ ਚੱਲਣ ਵਾਲੀ ਇਸ ਪ੍ਰਦੂਸ਼ਣ ਦੀ ਚੁਣੌਤੀ ਦੀ ਤ੍ਰਾਸਦੀ ਇਹ ਹੈ

**ਮਾਨਸੀ ਢੀਂਗਰਾ/ ਵਿਨੋਦ ਥਾਮਸ**

ਕਿ ਇਸ ਦਾ ਤਕਨੀਕੀ ਹੱਲ-ਪ੍ਰਦੂਸ਼ਣ ਕੰਟਰੋਲ ਤਕਨਾਲੋਜੀ 'ਚ ਨਿਵੇਸ਼ ਦੁਆਰਾ ਸਮਰਥਤ ਬਾਈਡਿੰਗ ਨੀਤੀ ਨਿਯਮ ਤਾਂ ਪਤਾ ਹੈ, ਪਰ ਸਥਾਨਕ ਅਤੇ ਰਾਜਸੀ ਰਾਜਨੀਤੀ ਦੇ ਗੁੰਝਲਦਾਰ ਜਾਲ ਅਤੇ ਗੁਆਂਢੀ ਸੂਬਿਆਂ ਤੋਂ ਪ੍ਰਦੂਸ਼ਕਾਂ ਦੇ ਪ੍ਰਵਾਹ ਨੂੰ ਘਟਾਉਣ ਅਤੇ ਰੋਕਣ ਲਈ ਸਿਆਸੀ ਇੱਛਾ ਸ਼ਕਤੀ ਗਾਇਬ ਰਹੀ ਹੈ।

ਪਿਛਲੇ ਦਹਾਕੇ ਤੋਂ ਹੋਂਦ 'ਚ ਆਏ ਪ੍ਰਦੂਸ਼ਣ ਸੰਕਟ ਤੇ ਵਿਚਕਾਰ, ਸ਼ਹਿਰ ਦੀ ਹਵਾ ਗੁਣਵੱਤਾ ਰਣਨੀਤੀ ਦੇ ਇਸਦੇ ਆਪਸ 'ਚ ਜੁੜੇ ਸੁਭਾਅ ਨੂੰ ਨਜ਼ਰਅੰਦਾਜ਼ ਕੀਤਾ ਹੈ ਅਤੇ ਹਰੇਕ ਪ੍ਰਦੂਸ਼ਣ ਸਰੋਤ ਨੂੰ ਵੱਖਰੇ ਤੌਰ 'ਤੇ ਮੰਨਿਆ ਹੈ। ਇਸ ਨਾਲ ਮੂਲ ਕਾਰਨਾਂ ਦੀ ਬਜਾਏ ਲੱਛਣਾਂ ਦਾ ਇਲਾਜ ਕੀਤਾ ਗਿਆ ਹੈ ਅਤੇ ਜ਼ਿਆਦਾਤਰ ਅਨੁਕੂਲਤਾ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਜਦੋਂ ਨਵੰਬਰ 2024 'ਚ ਏ. ਕਿਊ. ਆਈ. ਦਾ ਪੱਧਰ 450 ਨੂੰ ਪਾਰ ਕਰ ਗਿਆ ਤਾਂ ਜਵਾਬ ਪ੍ਰਤੀਕਿਰਿਆ ਦੇ ਤੌਰ 'ਤੇ ਸਕੂਲਾਂ ਨੂੰ ਅਸਥਾਈ ਤੌਰ 'ਤੇ ਬੰਦ ਕਰਨਾ, ਥੋੜ੍ਹੇ ਸਮੇਂ ਲਈ ਉਸਾਰੀ ਪਾਬੰਦੀਆਂ ਅਤੇ GRAP ਸੀ ਪਰ ਸਥਾਈ ਤਬਦੀਲੀ ਲਈ ਹਵਾ ਪ੍ਰਦੂਸ਼ਣ ਅਤੇ ਸਬੰਧਤ ਜ਼ਰੂਰਤਾਂ ਵਿਚਾਲੇ ਸਬੰਧ ਨੂੰ ਪਛਾਨਣਾ ਚਾਹੀਦਾ ਹੈ, ਜੋ ਕਿ ਦਿੱਲੀ ਲਈ ਸਿਹਤ ਸੰਭਾਲ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਕਾਰਬਨ ਨਿਕਾਸ 'ਚ ਸੰਕਟ ਹਨ।

ਦਿੱਲੀ ਦੇ 33 ਮਿਲੀਅਨ ਨਾਗਰਿਕਾਂ ਲਈ ਸਿਹਤ ਸੇਵਾ ਸਭ ਤੋਂ ਵੱਡੀ ਪ੍ਰਦੂਸ਼ਕ ਹੈ ਅਤੇ ਹਰ ਸਾਲ ਲਗਭਗ 10,000 ਮੌਤਾਂ ਲਈ ਜ਼ਿੰਮੇਵਾਰ ਹੈ। 2024 ਦੀਆਂ ਸਰਦੀਆਂ ਦੌਰਾਨ, ਦਿੱਲੀ ਦੇ ਹਸਪਤਾਲਾਂ ਦੇ ਪ੍ਰਦੂਸ਼ਣ ਦੇ ਸਿਖਰ ਵਾਲੇ 'ਚ ਬਾਹਰੀ ਮਰੀਜ਼ਾਂ ਦੇ ਦੌਰੇ ਅਤੇ ਦਾਖਲੇ 'ਚ 20-25 ਪ੍ਰਤੀਸ਼ਤ ਵਾਧਾ ਦਰਜ ਕੀਤਾ। ਭਾਵੇਂ ਕੁਝ ਹਸਪਤਾਲਾਂ 'ਚ ਪ੍ਰਦੂਸ਼ਣ ਪ੍ਰਤੀ ਸਮਰਪਿਤ ਕਲੀਨਿਕ ਹਨ, ਪਰ ਜਾਗਰੂਕਤਾ ਦੀ ਘਾਟ ਹੈ।

ਇਸਦੇ ਨਤੀਜੇ ਸਿਰਫ ਕਲੀਨਿਕਲ ਹੀ ਨਹੀਂ ਸਗੋਂ ਆਰਥਿਕ ਵੀ ਹਨ। ਸਿਹਤ ਖਰਚੇ 'ਚ ਵਾਧਾ ਘਰੇਲੂ ਅਤੇ ਸਰਕਾਰੀ ਬਜਟ 'ਤੇ ਦਬਾਅ ਪਾਉਂਦਾ ਹੈ। ਭਾਵੇਂ ਡਾਕਟਰੀ ਭਾਈਚਾਰਾ ਪ੍ਰਦੂਸ਼ਣ ਨੂੰ ਪੁਰਾਣਾ ਦਮਾ, ਫੇਫੜਿਆਂ ਅਤੇ ਦਿਲ ਦੀਆਂ ਬਿਮਾਰੀਆਂ ਲਈ ਜ਼ਿੰਮੇਵਾਰ ਮੰਨਦਾ ਹੈ ਪਰ ਸਿਹਤ ਸਬੰਧੀ ਸਲਾਹ ਅਕਸਰ ਗੈਰ-ਹਾਜ਼ਰ ਹੁੰਦੀ ਹੈ। ਆਮ ਜਵਾਬ ਲੋਕਾਂ ਨੂੰ ਘਰ ਤੇ ਅੰਦਰ ਰਹਿਣ ਦੀ ਸਲਾਹ ਦੇਣਾ ਹੈ।

ਇਕ ਸਮਰਪਿਤ ਸਿਹਤ ਨਿਗਰਾਨੀ ਪ੍ਰਣਾਲੀ, ਜੋ ਬਿਮਾਰੀਆਂ ਦੇ ਪੈਟਰਨਾਂ ਨੂੰ ਪ੍ਰਦੂਸ਼ਣ ਦੇ ਸੰਪਰਕ ਨਾਲ ਜੋੜਦੀ ਹੈ, ਸਬੂਤ-ਆਧਾਰਤ ਨੀਤੀ ਨਿਰਮਾਣ ਨੂੰ ਸਮਰੱਥ ਬਣਾਏਗੀ ਅਤੇ ਸਾਲ ਭਰ ਜਵਾਬਦੇਹੀ ਨੂੰ ਉਤਸ਼ਾਹਿਤ ਕਰੇਗੀ। ਹਵਾ ਪ੍ਰਦੂਸ਼ਣ ਨੂੰ ਜਨਤਕ ਸਿਹਤ ਐਮਰਜੈਂਸੀ ਵਜੋਂ ਪੇਸ਼ ਕਰਨ ਨਾਲ ਜਨਤਕ ਧਾਰਨਾ ਬਦਲ ਸਕਦੀ ਹੈ ਅਤੇ ਮਜ਼ਬੂਤ ਰਾਜਨੀਤਿਕ ਕਾਰਵਾਈ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਜਨਤਾ ਨੂੰ ਹਵਾ ਪ੍ਰਦੂਸ਼ਣ ਦੇ ਕੰਟਰੋਲ ਨੂੰ ਇਕ ਪ੍ਰਮੁੱਖ ਚੋਣ ਮੁੱਦਾ ਬਣਾਉਣਾ ਚਾਹੀਦਾ ਹੈ।

ਠੋਸ ਰਹਿੰਦ-ਖੂੰਹਦ ਪ੍ਰਬੰਧਨ ਸ਼ਹਿਰ ਦੇ ਗਾਜ਼ੀਪੁਰ, ਭਲਸਵਾ ਅਤੇ ਓਖਲਾ ਮੁਹੱਲਿਆਂ ਵਿਚ ਕੂੜੇ ਦੇ ਡੰਪ ਹਨ, ਜੋ ਹਰ ਰੋਜ਼ 10,000 ਟਨ ਤੋਂ ਵਧ ਕੂੜਾ ਪੈਦਾ ਕਰਦੇ ਹਨ। ਸੈਟੇਲਾਈਟ ਡੇਟਾ ਦਰਸਾਉਂਦਾ ਹੈ ਕਿ ਇਹ ਲੈਂਡਫਿਲ ਮੀਥੇਨ ਲਈ ਗਲੋਬਲ ਹਾਟਸਪਾਟ ਹਨ, ਜੋ 20 ਸਾਲਾਂ 'ਚ $CO_2$ ਨਾਲੋਂ 82 ਗੁਣਾ ਜ਼ਿਆਦਾ ਗਰਮੀ ਨੂੰ ਫਸਾਉਂਦੇ ਹਨ। ਸਰੋਤ 'ਤੇ ਖਰਾਬ ਰਹਿੰਦ-ਖੂੰਹਦ ਨੂੰ ਵੱਖ ਕਰਨ ਦੀ ਸਮੱਸਿਆ ਹੋਰ ਵੀ ਵਧਾਉਂਦੀ ਹੈ।

ਇੰਦੌਰ ਨੇ ਘਰੇਲੂ ਕੂੜੇ ਨੂੰ ਲਗਭਗ ਸਰਵ ਵਿਆਪਕ ਤੌਰ 'ਤੇ ਵੱਖਰਾ ਕਰਨ ਦਾ ਟੀਚਾ ਪ੍ਰਾਪਤ ਕੀਤਾ ਹੈ, ਜਿਸ ਨਾਲ ਵੈਕਟਰ-ਜਨਿਤ ਬਿਮਾਰੀਆਂ ਅਤੇ ਕੂੜੇ ਨੂੰ ਖੁੱਲ੍ਹੇ 'ਚ ਸਾੜਨ 'ਚ ਕਮੀ ਆਈ ਹੈ। ਦਿੱਲੀ ਇਸ ਸਫਲਤਾ ਨੂੰ ਲੋਕਲਬਾਡੀਜ਼ ਨੂੰ ਮਜ਼ਬੂਤ ਬਣਾ ਕੇ, ਪਾਲਣਾ ਨੂੰ ਉਤਸ਼ਾਹਿਤ ਕਰਕੇ ਅਤੇ ਰਹਿੰਦ-ਖੂੰਹਦ ਦੇ ਬੁਨਿਆਦੀ ਢਾਂਚੇ 'ਚ ਨਿਵੇਸ਼ ਕਰਕੇ ਦੁਹਰਾ ਸਕਦੀ ਹੈ।

ਹਵਾ ਪ੍ਰਦੂਸ਼ਣ, ਜੀ. ਐੱਚ. ਜੀ. ਅਤੇ ਵਿੱਤ ਪੋਸ਼ਣ ਕਾਲੇ ਕਾਰਬਨ ਅਤੇ ਓਜ਼ੋਨ ਵਰਗੇ ਹਵਾ ਪ੍ਰਦੂਸ਼ਕ ਗਲੋਬਲ ਵਾਰਮਿੰਗ 'ਚ ਯੋਗਦਾਨ ਪਾਉਂਦੇ ਹਨ। ਜਦੋਂ ਬੀਜਿੰਗ ਨੇ ਆਪਣੀ ਏਕੀਕ੍ਰਿਤ ਸਾਫ ਹਵਾ ਕਾਰਜ ਯੋਜਨਾ (2013-17) ਲਾਗੂ ਕੀਤੀ, ਤਾਂ ਇਸ ਨੇ ਕਣਾਂ 'ਚ 35 ਪ੍ਰਤੀਸ਼ਤ ਦੀ ਕਮੀ ਪ੍ਰਾਪਤ ਕੀਤੀ ਜਦੋਂ ਕਿ ਕਾਰਬਨ ਨਿਕਾਸ 'ਚ 22 ਪ੍ਰਤੀਸ਼ਤ ਦੀ ਕਮੀ ਪ੍ਰਾਪਤ ਕੀਤੀ।

ਦਿੱਲੀ ਦੇ 50 ਪ੍ਰਤੀਸ਼ਤ ਤੋਂ ਵੱਧ ਪ੍ਰਦੂਸ਼ਣ ਵਾਹਨਾਂ ਦੇ ਨਿਕਾਸ ਕਾਰਨ ਹੁੰਦਾ ਹੈ। ਸਿੰਗਾਪੁਰ ਇਕ ਆਕਰਸ਼ਕ ਮਾਡਲ ਪੇਸ਼ ਕਰਦਾ ਹੈ-ਇਸਦੀ ਵਾਹਨ ਨਿਕਾਸ ਯੋਜਨਾ ਟੈਕਸਾਂ ਅਤੇ ਛੋਟਾਂ ਨੂੰ ਉਤਸਰਜਨ ਪੱਧਰਾਂ ਨਾਲ ਜੋੜਦੀ ਹੈ, ਜਦੋਂ ਕਿ ਇਸਦੀ ਕਾਰ ਮਾਲਕੀ ਦੀ ਉੱਚ ਕੀਮਤ ਨਿੱਜੀ ਆਵਾਜਾਈ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀ ਹੈ।

2024 ਦੇ ਸੀ. ਐਸ. ਈ. ਸਰਵੇਖਣ 'ਚ ਪਾਇਆ ਗਿਆ ਕਿ ਦਿੱਲੀ 'ਚ ਜ਼ਿਆਦਾਤਰ ਉਸਾਰੀ ਵਾਲੀਆਂ ਥਾਵਾਂ ਧੂੜ ਘਟਾਉਣ ਦੇ ਬੁਨਿਆਦੀ ਰਵਾਇਤਾ ਦੀ ਪਾਲਣਾ ਨਹੀਂ ਕਰਦੀਆਂ ਹਨ। ਪੂਰੀ ਤਰ੍ਹਾਂ ਢੱਕੀ ਹੋਈ ਉਸਾਰੀ ਵਾਲੀ ਥਾਂ ਧੂੜ ਨੂੰ ਕੰਟਰੋਲ ਕਰਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਦਾ ਇਕ ਸੌਖਾ ਤਰੀਕਾ ਹੈ।

ਦਿੱਲੀ-ਐੱਨ. ਸੀ. ਆਰ. ਕੇ. ਦੇ 14 ਕੋਲਾ-ਆਧਾਰਤ ਪਾਵਰ ਪਲਾਂਟ ਪੀ. ਐੱਮ. 2.5 'ਚ 8 ਪ੍ਰਤੀਸ਼ਤ ਯੋਗਦਾਨ ਪਾਉਂਦੇ ਹਨ। ਨਵਿਆਉਣਯੋਗ ਸਰੋਤਾਂ 'ਚ ਸੰਕ੍ਰਮਣ ਨੂੰ ਤੇਜ਼ ਕਰਨ ਨਾਲ ਹਵਾ ਸਾਫ ਹੋਵੇਗੀ ਅਤੇ ਜੀ. ਐੱਚ. ਜੀ. ਘੱਟ ਹੋਣਗੇ। ਤੁਹਾਨੂੰ ਦੋਹਰਾ ਲਾਭ ਮਿਲੇਗਾ।



ਉਦਯੋਗਿਕ ਪ੍ਰਦੂਸ਼ਣ ਨਾਲ ਨਜਿੱਠਣ ਲਈ ਸੂਰਤ 'ਚ ਪਾਰਟੀਕੁਲੇਟ ਮੈਟਰ ਦੇ ਲਈ ਭਾਰਤ ਦੀ ਪਹਿਲੀ ਨਿਕਾਸ ਵਪਾਰ ਯੋਜਨਾ (ਈ. ਟੀ. ਐੱਸ.) ਲਈ ਇਕ ਪਾਇਲਟ ਪ੍ਰੋਜੈਕਟ ਗੁਜਰਾਤ ਪ੍ਰਦੂਸ਼ਣ ਕੰਟਰੋਲ ਬੋਰਡ (ਜੀ. ਪੀ. ਸੀ. ਬੀ.) ਦੁਆਰਾ 2019 'ਚ ਆਯੋਜਿਤ ਕੀਤਾ ਗਿਆ ਸੀ। E.T.S. ਭਾਗ ਲੈਣ ਵਾਲੀ ਫਰਮਾਂ ਨੇ 20 ਪ੍ਰਤੀਸ਼ਤ ਤੋਂ 30 ਪ੍ਰਤੀਸ਼ਤ ਘੱਟ ਕਣ ਪਦਾਰਥਾਂ ਦਾ ਨਿਕਾਸ ਕੀਤਾ। ਦਿੱਲੀ ਵੀ ਇਸ ਬਾਜ਼ਾਰ-ਆਧਾਰਤ ਪਹੁੰਚ ਨੂੰ ਲਾਗੂ ਕਰ ਸਕਦੀ ਹੈ।

ਦਿੱਲੀ ਦਾ ਪ੍ਰਦੂਸ਼ਣ ਸੰਕਟ ਮੌਸਮੀ ਨਹੀਂ ਹੈ-ਇਹ ਪ੍ਰਣਾਲੀਗਤ ਹੈ। ਸਿਹਤ ਸੰਭਾਲ, ਰਹਿੰਦ-ਖੂੰਹਦ ਪ੍ਰਬੰਧਨ ਅਤੇ ਜਲਵਾਯੂ ਘਟਾਉਣ ਨੂੰ ਇਕੱਠੇ ਵਿਚਾਰਨ ਨਾਲ ਸਿਆਸੀ ਏਜੰਡੇ ਨੂੰ ਅੱਗੇ ਵਧਾਉਣ 'ਚ ਮਦਦ ਮਿਲਦੀ ਹੈ। ਸਾਫ ਹਵਾ ਕੁਝ ਲੋਕਾਂ ਲਈ ਇਕ ਵਿਸ਼ੇਸ਼ ਅਧਿਕਾਰ ਜਾਂ ਮੌਸਮੀ ਇੱਛਾ ਨਹੀਂ ਹੋਣੀ ਚਾਹੀਦੀ। ਇਹ ਹਰ ਕਿਸੇ ਲਈ ਸਾਲ ਭਰ ਦਾ ਅਧਿਕਾਰ ਹੋਣਾ ਚਾਹੀਦਾ ਹੈ।

# ਮੱਕੀ ਦੀ ਸਫਲ ਕਾਸ਼ਤ ਦੇ ਨੁਕਤੇ



**ਮਈ ਦੇ ਅਖੀਰ ਤੋਂ ਲੈ ਕੇ 10 ਜੂਨ ਤੱਕ ਬਿਜਾਈ ਕਰ ਲੈਣ ਨਾਲ ਫ਼ਸਲ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਪੈਰਾਂ 'ਤੇ ਖੜ੍ਹ ਜਾਂਦੀ ਹੈ ਅਤੇ ਵੱਧ ਪਾਣੀ ਝੱਲ ਸਕਦੀ ਹੈ । ਹੋਰ ਲਾਭ ਇਹ ਵੀ ਹੈ ਕਿ ਆਲੂ ਜਾਂ ਤੋਰੀਆ ਬੀਜਣ ਲਈ ਖੇਤ ਛੇਤੀ ਖਾਲੀ ਹੋ ਜਾਂਦਾ ਹੈ...**

ਡਾ. ਇਕਬਾਲਜੀਤ ਸਿੰਘ ਬੈਨੀਪਾਲ, ਮੋ. 95018-00975

ਫ਼ਸਲੀ-ਵਿਭਿੰਨਤਾ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਕੁਝ ਰਕਬਾ ਝੋਨੇ ਹੇਠੋਂ ਕੱਢ ਕੇ ਮੱਕੀ ਦੀ ਕਾਸ਼ਤ ਹੇਠ ਕਰਨ ਲਈ ਇੱਕ ਬਦਲ ਵਜੋਂ ਦੇਖਿਆ ਜਾ ਰਿਹਾ ਹੈ । ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਹੈ ਕਿ ਇਸ ਮੰਤਵ ਲਈ 200 ਕਿਸਾਨ ਮਿੱਤਰ ਭਰਤੀ ਕੀਤੇ ਜਾਣਗੇ । ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਗੁਰਦਾਸਪੁਰ, ਪਠਾਨਕੋਟ, ਸੰਗਰੂਰ, ਕਪੂਰਥਲਾ, ਪਟਿਆਲਾ ਅਤੇ ਜਲੰਧਰ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਝੋਨੇ ਹੇਠੋਂ ਰਕਬਾ ਕੱਢ ਕੇ ਮੱਕੀ ਬੀਜਣ 'ਤੇ 17,000 ਰੁਪਏ ਪ੍ਰਤੀ ਹੈਕਟੇਅਰ ਪ੍ਰੋਤਸਾਹਨ ਰਾਸ਼ੀ ਵਜੋਂ ਦੇਣ ਦੀ ਯੋਜਨਾ ਹੈ । ਬਾਕੀ ਜ਼ਿਲ੍ਹਿਆਂ ਵਿੱਚ ਇਹ ਰਾਸ਼ੀ 10,000 ਰੁਪਏ ਪ੍ਰਤੀ ਹੈਕਟੇਅਰ ਹੋਵੇਗੀ । ਇਹ ਸਹਾਇਤਾ ਉਨ੍ਹਾਂ ਕਿਸਾਨਾਂ ਨੂੰ ਹੀ ਮਿਲੇਗੀ, ਜੋ ਸਾਉਣੀ ਰੁੱਤ ਦੀ ਮੱਕੀ ਦੀ ਬਿਜਾਈ ਉਸ ਖੇਤ ਵਿੱਚ ਕਰਨਗੇ, ਜਿੱਥੇ ਪਿਛਲੇ ਸਾਲ ਝੋਨਾ ਬੀਜਿਆ ਗਿਆ ਹੋਵੇ । ਬਹਾਰ ਰੁੱਤ ਦੀ ਮੱਕੀ ਜਿਸ ਦੀ ਬਿਜਾਈ ਫਰਵਰੀ ਤੋਂ ਅਪਰੈਲ ਮਹੀਨੇ ਤੱਕ ਕੀਤੀ ਜਾਂਦੀ ਹੈ । ਇਸ ਨੂੰ ਪਾਣੀ ਦੀ ਬਹੁਤ ਲੋੜ ਹੁੰਦੀ ਹੈ, ਜੋ ਪੰਜਾਬ ਦੇ ਡਿੱਗ ਰਹੇ ਪਾਣੀ ਦੇ ਪੱਧਰ ਦੇ ਅਨੁਕੂਲ ਨਹੀਂ ਹੈ । ਇਸ ਮੱਕੀ 'ਤੇ ਸਰਕਾਰ ਵੱਲੋਂ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਂਦੀ । ਇਸ ਸਾਲ ਮੱਕੀ ਦਾ ਭਾਅ ਤੇਜ਼ ਰਹਿਣ ਦੀ ਉਮੀਦ ਕੀਤੀ ਜਾ ਰਹੀ ਹੈ । ਕਈ ਸਟਾਰਚ ਮਿੱਲਾਂ ਨੇ ਵੀ ਇਸ ਸਾਲ ਮੱਕੀ ਦੀ ਵੱਧ ਖਰੀਦ ਕੀਤੇ ਜਾਣ ਦੇ ਦਅਵੇ ਕੀਤੇ ਹਨ ।

**ਬਿਜਾਈ ਦਾ ਸਮਾਂ**

ਮਈ ਮਹੀਨੇ ਦੇ ਅਖੀਰ ਤੋਂ ਲੈ ਕੇ 10 ਜੂਨ ਤੱਕ ਬਿਜਾਈ ਕਰ ਲੈਣ ਨਾਲ ਫ਼ਸਲ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਪੈਰਾਂ 'ਤੇ ਖੜ੍ਹ ਜਾਂਦੀ ਹੈ ਅਤੇ ਬਰਸਾਤਾਂ ਝੱਲਣ ਦੇ ਕਾਬਲ ਹੋ ਜਾਂਦੀ ਹੈ । ਇਸ ਦਾ ਇੱਕ ਹੋਰ ਲਾਭ ਇਹ ਕਿ ਆਲੂ ਜਾਂ ਤੋਰੀਆ ਬੀਜਣ ਲਈ ਖੇਤ ਜਲਦੀ ਖਾਲੀ ਹੋ ਜਾਂਦਾ ਹੈ । ਪਿਛੇਤੀ ਬੀਜੀ ਫ਼ਸਲ ਲਈ ਬਰਸਾਤਾਂ ਨਾਲ ਨੁਕਸਾਨ ਦਾ ਖਤਰਾ ਵੱਧ ਜਾਂਦਾ ਹੈ ।

**ਉੱਨਤ ਕਿਸਮਾਂ**

ਪੀ. ਏ. ਯੂ. ਵੱਲੋਂ ਪ੍ਰਵਾਨਿਤ ਕੀਤੀਆਂ ਕਿਸਮਾਂ ਵਿੱਚ ਪੀ. ਐਮ. ਐਚ.-17, ਡੀ. ਕੇ. ਸੀ.-9144, ਬਾਇਓਸੀਡ-9788 ਅਤੇ ਅਡਵੰਟਾ-9293 ਸ਼ਾਮਿਲ ਹਨ ।

**ਬੀਜ ਦੀ ਮਾਤਰਾ**

ਇਨ੍ਹਾਂ ਕਿਸਮਾਂ ਲਈ 10 ਕਿਲੋ ਬੀਜ ਇੱਕ ਏਕੜ ਵਾਸਤੇ ਕਾਫ਼ੀ ਹੈ ।

**ਬੀਜ ਉਪਚਾਰ**

ਬੀਜ ਨੂੰ ਜੀਵਾਣੂ ਖਾਦ ਨਾਲ ਸੋਧਣ ਲਈ ਕੰਨਸੋਰਟੀਅਮ ਦੇ 500 ਗ੍ਰਾਮ ਦੇ ਪੈਕਟ ਨੂੰ 1 ਲੀਟਰ ਪਾਣੀ ਵਿੱਚ ਘੋਲ ਲਵੋ, 10 ਕਿਲੋ ਬੀਜ ਨੂੰ ਇਸ ਘੋਲ ਵਿੱਚ ਚੰਗੀ ਤਰ੍ਹਾਂ ਮਿਕਸ ਕਰਨ ਤੋਂ ਬਾਅਦ ਪੱਕੇ ਫਰਸ਼ 'ਤੇ ਛਾਵੇਂ ਸੁਕਾ ਲਵੋ ਅਤੇ ਤੁਰੰਤ ਬਿਜਾਈ ਕਰ ਦਿਉ । ਇਹ ਕੰਨਸੋਰਟੀਅਮ ਪੀ. ਏ. ਯੂ. ਜਾਂ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।

**ਬਿਜਾਈ ਦਾ ਤਰੀਕਾ**

ਮੱਕੀ ਪਲਾਂਟਰ ਨਾਲ 3 ਤੋਂ 5 ਸੈਂਟੀਮੀਟਰ ਦੀ ਡੂੰਘਾਈ ਅਤੇ ਬਿਜਾਈ ਕਰੋ । ਕਤਾਰ ਤੋਂ ਕਤਾਰ ਦਾ ਫਾਸਲਾ 60 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ । ਨੂਮੈਟਿਕ ਪਲਾਂਟਰ ਨਾਲ ਬੀਜੀ ਫ਼ਸਲ 10 ਤੋਂ 15% ਤੱਕ ਵੱਧ ਝਾੜ ਦਿੰਦੀ ਹੈ ।

**ਖਾਦਾਂ**

ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕਰੋ । ਜੇਕਰ ਮਿੱਟੀ ਪਰਖ ਨਹੀਂ ਕਰਵਾਈ ਤਾਂ ਪ੍ਰਤੀ ਏਕੜ 110 ਕਿਲੋ ਯੂਰੀਆ, 55 ਕਿਲੋ ਡੀ. ਏ. ਪੀ. ਅਤੇ 20 ਕਿਲੋ ਪੋਟਾਸ਼ ਖਾਦ ਦੀ ਸਿਫਾਰਿਸ਼ ਪੀ. ਏ. ਯੂ. ਵੱਲੋਂ ਕੀਤੀ ਗਈ ਹੈ । ਜਿਹੜੀਆਂ ਜ਼ਮੀਨਾਂ ਵਿੱਚ ਜ਼ਿੰਕ ਦੀ ਘਾਟ ਹੋਵੇ, ਉਥੇ ਜ਼ਿੰਕ ਸਲਫੇਟ (21%) 10 ਕਿਲੋ ਜਾਂ ਜ਼ਿੰਕ ਸਲਫੇਟ (33%) 6.5 ਕਿਲੋ ਦਾ ਛੱਟਾ ਮਾਰ ਕੇ ਪਾਣੀ ਲਗਾ ਦਿਉ ।

**ਪਾਣੀ ਦੇਣਾ**

ਮੀਂਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ 4 ਤੋਂ 6 ਪਾਣੀ ਕਾਫ਼ੀ ਹਨ । ਕਿਸੇ ਵੀ ਹਾਲਤ ਵਿੱਚ ਮੀਂਹ ਦੇ ਪਾਣੀ ਨੂੰ ਖੇਤ ਵਿੱਚ ਖੜ੍ਹਾ ਨਾ ਰਹਿਣ ਦਿਉ । ਫਾਲ ਆਰਮੀ ਵਰਮ (ਸੈਨਿਕ ਸੁੰਡੀ) ਦੀ ਰੋਕਥਾਮ ਲਈ 20 ਦਿਨਾਂ ਦੀ ਫ਼ਸਲ ਤੱਕ ਕੋਰਾਜਨ 18.5 ਐਸ. ਸੀ. 50 ਮਿਲੀਲੀਟਰ ਨੂੰ 120 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ । ਜਾਂ ਫਿਰ ਡੈਲੀਗੇਟ 11.7 ਐਸ. ਸੀ. 60 ਮਿਲੀਲੀਟਰ ਜਾਂ ਮਿਜ਼ਾਈਲ 5 ਐਸ. ਸੀ. ਦਵਾਈ ਨੂੰ 120 ਲੀਟਰ ਪਾਣੀ ਵਿੱਚ ਘੋਲ ਕੇ ਗੋਭਾਂ ਵੱਲ ਸਪਰੇਅ ਕਰੋ । ਇਸ ਨਾਲ ਫ਼ਸਲ ਨੂੰ ਬਹੁਤ ਜ਼ਿਆਦਾ ਲਾਭ ਮਿਲੇਗਾ ।

**ਰਸਾਇਣਿਕ ਰੋਕਥਾਮ**

ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਐਟਰਾਜ਼ੀਨ 50% ਨਦੀਨਨਾਸ਼ਕ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 10 ਦਿਨਾਂ ਦੇ ਅੰਦਰ ਛਿੜਕਾਅ ਕਰੋ । ਹਲਕੀਆਂ ਜ਼ਮੀਨਾਂ ਵਿੱਚ ਮਾਤਰਾ 500 ਗ੍ਰਾਮ ਕਰ ਲਵੋ । ਜਾਂ ਫਿਰ ਲੌਡਿਸ 420 ਐਸ. ਸੀ. 105 ਮਿਲੀਲੀਟਰ ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ 20 ਦਿਨਾਂ ਦੀ ਫ਼ਸਲ 'ਤੇ ਸਪਰੇਅ ਕਰੋ । ਡੀਲਾ / ਮੋਥਾ ਕੰਟਰੋਲ ਕਰਨ ਲਈ 400 ਮਿਲੀਲੀਟਰ 2-4ਡੀ ਅਮਾਈਨ 58% ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ 20-25 ਦਿਨਾਂ ਦੀ ਫ਼ਸਲ 'ਤੇ ਸਪਰੇਅ ਕਰੋ ।

# ਦੋਨਾ ਇਲਾਕੇ ਵਿੱਚ ਖਰਬੂਜ਼ੇ-ਹਦਵਾਣੇ ਦੀ ਕਾਸ਼ਤ ਘਟੀ ਪਰ ਸੂਬੇ ਵਿੱਚ ਵਧੀ

ਦੋਆਬੇ ਵਿਸ਼ੇਸ਼ ਕਰਕੇ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਦੋਨਾ ਇਲਾਕੇ ਨੂੰ ਖਰਬੂਜ਼ੇ ਤੇ ਹਦਵਾਣੇ ਦਾ ਗੜ੍ਹ ਮੰਨਿਆ ਜਾਂਦਾ ਹੈ । ਇਸ ਸਾਲ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿੱਚ ਖਰਬੂਜ਼ੇ ਤੇ ਹਦਵਾਣੇ ਹੇਠਲਾ ਰਕਬਾ ਘਟਿਆ ਹੈ, ਹਾਲਾਂਕਿ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਇਨ੍ਹਾਂ ਦੋਵਾਂ ਫਲ ਵਾਲੀਆਂ ਫ਼ਸਲਾਂ ਹੇਠਲਾ ਰਕਬਾ ਵਧਿਆ ਹੈ । ਬਾਗਬਾਨੀ ਵਿਭਾਗ ਮੁਤਾਬਕ 2023 ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਖਰਬੂਜ਼ਿਆਂ ਅਤੇ ਹਦਵਾਣੇ ਅਧੀਨ ਰਕਬਾ ਕ੍ਰਮਵਾਰ 7257 ਅਤੇ 2860 ਹੈਕਟੇਅਰ ਸੀ । 2024 ਦੇ ਸੀਜ਼ਨ ਦੌਰਾਨ ਖਰਬੂਜ਼ੇ ਅਧੀਨ ਰਕਬਾ 7506 ਅਤੇ ਹਦਵਾਣੇ ਅਧੀਨ 3036 ਹੈਕਟੇਅਰ ਸੀ ।

ਵਿਭਾਗ ਮੁਤਾਬਕ ਇਸ ਸਾਲ ਇਹ ਰਕਬਾ ਹੋਰ ਵਧਣ ਦੀ ਉਮੀਦ ਹੈ । ਜੇਕਰ ਪਿਛਲੇ ਦੋ ਸਾਲਾਂ ਦੇ ਖਰਬੂਜ਼ੇ ਅਤੇ ਹਦਵਾਣੇ ਦਾ ਗੜ੍ਹ ਮੰਨੇ ਜਾਂਦੇ ਦੋਆਬੇ ਦੇ ਦੋਵਾਂ ਜ਼ਿਲ੍ਹਿਆਂ ਵਿੱਚ ਅੰਕੜਿਆਂ 'ਤੇ ਝਾਤ ਮਾਰੀਏ ਤਾਂ 2022-23 ਸੀਜ਼ਨ ਦੌਰਾਨ ਜਲੰਧਰ ਵਿੱਚ ਖਰਬੂਜ਼ੇ ਅਧੀਨ ਰਕਬਾ 2962 ਹੈਕਟੇਅਰ ਅਤੇ ਹਦਵਾਣੇ ਅਧੀਨ ਰਕਬਾ 1406 ਹੈਕਟੇਅਰ ਸੀ, ਜਦੋਂਕਿ ਕਪੂਰਥਲਾ ਵਿੱਚ ਖਰਬੂਜ਼ੇ ਅਧੀਨ ਰਕਬਾ 2066 ਅਤੇ ਹਦਵਾਣੇ ਅਧੀਨ 441 ਹੈਕਟੇਅਰ ਸੀ । 2023-24 ਦੇ ਸੀਜ਼ਨ ਦੌਰਾਨ ਜਲੰਧਰ ਵਿੱਚ ਖਰਬੂਜ਼ੇ ਅਧੀਨ ਰਕਬਾ ਵੱਧ ਕੇ 3264 ਅਤੇ ਹਦਵਾਣੇ ਅਧੀਨ 1418 ਹੈਕਟੇਅਰ ਹੋ ਗਿਆ ਸੀ । ਹਾਲਾਂਕਿ ਕਪੂਰਥਲਾ ਜ਼ਿਲ੍ਹੇ ਵਿੱਚ ਖਰਬੂਜ਼ੇ ਅਧੀਨ ਰਕਬਾ 1491 ਹੈਕਟੇਅਰ ਅਤੇ ਹਦਵਾਣੇ ਹੇਠਲਾ ਰਕਬਾ 396 ਹੈਕਟੇਅਰ ਰਹਿ ਗਿਆ, ਜੋ ਕਿ 2023 ਦੇ ਮੁਕਾਬਲੇ ਘੱਟ ਸੀ ।

ਜਾਣਕਾਰੀ ਮੁਤਾਬਕ ਮੌਜੂਦਾ ਸੀਜ਼ਨ ਦੌਰਾਨ ਜਲੰਧਰ ਜ਼ਿਲ੍ਹੇ ਵਿੱਚ ਖਰਬੂਜ਼ੇ ਅਤੇ ਹਦਵਾਣੇ ਹੇਠ ਰਕਬਾ ਘੱਟ ਗਿਆ ਹੈ ਅਤੇ ਮੱਕੀ ਹੇਠ ਹੋਰ ਵੱਧ ਗਿਆ ਹੈ । ਇਨ੍ਹਾਂ ਦੋਵਾਂ ਫ਼ਸਲਾਂ ਬਾਰੇ ਦੋਨਾ ਇਲਾਕੇ ਦੇ ਕਾਸ਼ਤਕਾਰ ਕਿਸਾਨਾਂ ਦਾ ਕਹਿਣਾ ਹੈ ਕਿ ਖਰਬੂਜ਼ੇ ਅਤੇ ਹਦਵਾਣੇ ਦੀ ਫਸਲ ਤੋਂ ਕਮਾਈ ਘੱਟ ਹੋਣ ਕਾਰਨ ਉਨ੍ਹਾਂ ਨੇ ਮੱਕੀ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ । ਇਸ ਸੰਬੰਧੀ ਗੱਲਬਾਤ ਕਰਦਿਆਂ ਸ਼ਾਹਕੋਟ ਨੇੜਲੇ ਪਿੰਡ ਟੁਰਨਾ ਦੇ ਕਿਸਾਨ ਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਿਛਲੇ ਸਾਲ ਦੇ ਮੁਕਾਬਲੇ ਖਰਬੂਜ਼ੇ ਅਤੇ ਹਦਵਾਣੇ ਦੀ ਥਾਂ ਬਸੰਤ ਰੁੱਤ ਦੀ ਮੱਕੀ ਵਧੇਰੇ ਬੀਜੀ ਹੈ । ਇਸ ਦਾ ਕਾਰਨ ਇਹ



ਦੱਸਦੇ ਹਨ ਕਿ ਖਰਬੂਜ਼ੇ ਅਤੇ ਹਦਵਾਣੇ ਦੀ ਫ਼ਸਲ ਨੂੰ ਕੀੜਾ ਲੱਗਣ ਲੱਗ ਗਿਆ ਸੀ ਅਤੇ ਇਹ ਰਿਸਕੀ ਫ਼ਸਲ ਬਣ ਗਈ ਸੀ, ਪਰ ਇਸ ਦੇ ਮੁਕਾਬਲੇ ਮੱਕੀ ਵਿੱਚੋਂ ਆਮਦਨ ਵੱਧ ਹੁੰਦੀ ਹੈ । ਉਨ੍ਹਾਂ ਦੱਸਿਆ ਕਿ ਸ਼ਾਹਕੋਟ ਖੇਤਰ ਵਿੱਚ ਬਹੁਤੇ ਕਿਸਾਨਾਂ ਨੇ ਇਸ ਸਾਲ ਆਲੂ ਵਾਲੇ ਰਕਬੇ ਵਿੱਚ ਬਸੰਤ ਰੁੱਤ ਦੀ ਮੱਕੀ ਬੀਜੀ ਹੈ । ਇਸ ਤਰ੍ਹਾਂ ਪਿੰਡ ਬੱਲ ਨੌ ਦੇ ਕਿਸਾਨ ਅਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਸਾਲ 4-5 ਏਕੜ ਵਿੱਚ ਖਰਬੂਜ਼ੇ ਅਤੇ ਹਦਵਾਣਾ ਬੀਜਿਆ ਸੀ, ਪਰ ਇਸ ਵਾਰ ਬਿਲਕੁੱਲ ਹੀ ਨਹੀਂ ਬਿਜਾਈ ਕੀਤੀ । ਇਸ ਦੀ ਬਜਾਏ ਉਨ੍ਹਾਂ ਨੇ ਬਸੰਤ ਰੁੱਤ ਦੀ ਮੱਕੀ ਬੀਜੀ ਹੈ ।

### ਖੇਤੀ ਵਿਭਿੰਨਤਾ ਕਾਰਨ ਰਕਬਾ ਵਧਦਾ-ਘਟਦਾ ਰਹਿੰਦਾ ਹੈ : ਡਿਪਟੀ ਡਾਇਰੈਕਟਰ ਕਲਸੀ

ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਇਸ ਵਾਰ ਖਰਬੂਜ਼ੇ ਅਤੇ ਹਦਵਾਣੇ ਹੇਠ ਰਕਬਾ ਘਟਣ ਬਾਰੇ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਨਰਿੰਦਰ ਪਾਲ ਕਲਸੀ ਦਾ ਕਹਿਣਾ ਹੈ ਕਿ ਉਕਤ ਫ਼ਸਲਾਂ ਇੱਕੋ ਖੇਤ ਵਿੱਚ ਲਗਾਤਾਰ ਦੋ-ਤਿੰਨ ਸਾਲ ਬੀਜਣ ਨਾਲ ਇੱਕ ਤਾਂ ਉਨ੍ਹਾਂ ਦਾ ਝਾੜ ਘੱਟਦਾ ਹੈ, ਦੂਜੇ ਬਿਮਾਰੀਆਂ ਲੱਗਣ ਦਾ ਖਤਰਾ ਵੱਧ ਜਾਂਦਾ ਹੈ । ਇਸ ਲਈ ਕਿਸਾਨ ਹਰ ਸਾਲ ਖੇਤੀ ਵਿਭਿੰਨਤਾ ਤਹਿਤ ਇਨ੍ਹਾਂ ਫ਼ਸਲਾਂ ਦੀ ਅਦਲੀ-ਬਦਲੀ ਕਰਦੇ ਰਹਿੰਦੇ ਹਨ । ਜੇਕਰ ਇਸ ਵਾਰ ਇਨ੍ਹਾਂ ਜ਼ਿਲ੍ਹਿਆਂ ਵਿੱਚ ਖਰਬੂਜ਼ੇ-ਹਦਵਾਣੇ ਅਧੀਨ ਰਕਬਾ ਘਟਿਆ ਹੈ ਤਾਂ ਲੁਧਿਆਣੇ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਵੱਧ ਗਿਆ ਹੈ । ਇਸੇ ਤਰ੍ਹਾਂ ਜੇਕਰ ਦੋਨਾ ਇਲਾਕੇ ਵਿੱਚ ਘਟਿਆ ਹੈ ਤਾਂ ਕਰਤਾਰਪੁਰ ਖੇਤਰ ਵਿੱਚ ਵੱਧ ਗਿਆ ਹੈ ।

### ਜ਼ਿਲ੍ਹਾ ਜਲੰਧਰ ਵਿੱਚ ਮੱਕੀ ਹੇਠ 25,000 ਹੈਕਟੇਅਰ ਰਕਬਾ

ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਰਣਧੀਰ ਸਿੰਘ ਠਾਕੁਰ ਦਾ ਕਹਿਣਾ ਹੈ ਕਿ ਇਸ ਸਾਲ ਸ਼ਾਹਕੋਟ ਅਤੇ ਲੋਹੀਆਂ ਇਲਾਕੇ ਵਿੱਚ ਬਹੁਤੇ ਆਲੂ ਉਤਪਾਦਕਾਂ ਨੇ ਬਸੰਤ ਰੁੱਤ ਦੀ ਮੱਕੀ ਬੀਜੀ ਹੈ ਅਤੇ ਜ਼ਿਲ੍ਹੇ ਅੰਦਰ ਇਸ ਸਾਲ ਮੱਕੀ ਹੇਠਲਾ ਰਕਬਾ 25,000 ਹੈਕਟੇਅਰ ਹੋ ਗਿਆ ਹੈ । ਡਾ. ਠਾਕੁਰ ਦਾ ਕਹਿਣਾ ਹੈ ਕਿ ਹਾਲਾਂਕਿ ਉਨ੍ਹਾਂ ਦਾ ਵਿਭਾਗ ਬਸੰਤ ਰੁੱਤ ਮੱਕੀ ਦੀ ਕਾਸ਼ਤ ਲਈ ਸਿਫਾਰਿਸ਼ ਨਹੀਂ ਕਰਦਾ, ਕਿਉਂਕਿ ਇਸ ਸੀਜ਼ਨ ਦੀ ਮੱਕੀ ਪਾਣੀ ਬਹੁਤ ਮੰਗਦੀ ਹੈ ।

**2024 ਸੀਜ਼ਨ ਦੌਰਾਨ ਖਰਬੂਜ਼ੇ ਤੇ ਹਦਵਾਣੇ ਹੇਠ ਜ਼ਿਲ੍ਹਾਵਾਰ ਰਕਬਾ ਹੈਕਟੇਅਰ ਵਿੱਚ**

| ਜ਼ਿਲ੍ਹਾ | ਖਰਬੂਜ਼ਾ | ਹਦਵਾਣਾ |
|---|---|---|
| ਹੁਸ਼ਿਆਰਪੁਰ | 75 | 60 |
| ਜਲੰਧਰ | 3264 | 1418 |
| ਲੁਧਿਆਣਾ | 200 | 187 |
| ਫਿਰੋਜ਼ਪੁਰ | 203 | 92 |
| ਅੰਮ੍ਰਿਤਸਰ | 37 | 26 |
| ਗੁਰਦਾਸਪੁਰ | 69 | 27 |
| ਕਪੂਰਥਲਾ | 1491 | 386 |
| ਬਠਿੰਡਾ | 29 | 24 |
| ਸੰਗਰੂਰ | 298 | 208 |
| ਪਟਿਆਲਾ | 764 | 111 |
| ਰੋਪੜ | 93 | 96 |
| ਫਰੀਦਕੋਟ | 04 | 04 |
| ਮਾਨਸਾ | 136 | 32 |
| ਫਤਿਹਗੜ੍ਹ ਸਾਹਿਬ | 56 | 37 |
| ਮੋਗਾ | 34 | 20 |
| ਮੁਕਤਸਰ | 26 | 43 |
| ਐਸ. ਬੀ. ਐਸ. ਨਗਰ | 175 | 150 |
| ਐਸ. ਏ. ਐਸ. ਨਗਰ | 390 | 75 |
| ਤਰਨਤਾਰਨ | 53 | 05 |
| ਬਰਨਾਲਾ | 75 | 32 |
| ਫਾਜ਼ਿਲਕਾ | 32 | 02 |
| ਪਠਾਨਕੋਟ | 03 | 04 |
| ਕੁੱਲ | 7506 | 3036 |

# ਖਾਣ-ਪੀਣ ਵਾਲੀਆਂ ਵਸਤਾਂ 'ਚ ਮਿਲਾਵਟ ਦਾ ਖਤਰਾ

ਰਿਤੁਪਰਣਾ ਪਾਟਗਿਰੀ

**ਪਿਛਲੇ ਕੁਝ ਦਿਨਾਂ ਦੌਰਾਨ ਪਨੀਰ, ਤਰਬੂਜ਼, ਮਸਾਲਿਆਂ ਆਦਿ ਵਰਗੀਆਂ ਰੋਜ਼ਾਨਾ ਦੀ ਵਰਤੋਂ ਵਾਲੀਆਂ ਕਈ ਹੋਰ ਵਸਤਾਂ ਵਿੱਚ ਖੁਰਾਕੀ ਮਿਲਾਵਟ ਬਾਰੇ ਚਿੰਤਾਜਨਕ ਰਿਪੋਰਟਾਂ ਆਈਆਂ ਹਨ। ਦਿੱਲੀ, ਮੁੰਬਈ, ਨੋਇਡਾ ਵਰਗੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਈਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਬਾਜ਼ਾਰ 'ਨਕਲੀ ਪਨੀਰ' ਨਾਲ ਭਰੇ ਪਏ ਹਨ। ਸਭ ਤੋਂ ਆਮ ਮਿਲਾਵਟ ਵਿੱਚ ਸਟਾਰਚ, ਡਿਟਰਜੈਂਟ, ਸਿੰਥੈਟਿਕ ਦੁੱਧ, ਐਸੇਟਿਕ ਐਸਿਡ ਆਦਿ ਸ਼ਾਮਲ ਹਨ। ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਕਰਨ ਨਾਲ ਸਿਹਤ ਸਬੰਧੀ ਗੰਭੀਰ ਨਤੀਜੇ ਨਿਕਲ ਸਕਦੇ ਹਨ, ਜਿਨ੍ਹਾਂ ਵਿੱਚ ਫੂਡ ਪੁਆਇਜ਼ਨਿੰਗ ਆਦਿ ਸ਼ਾਮਲ ਹਨ। ਕਈ ਵਾਰ ਇਸ ਕਾਰਨ ਮੌਤ ਵੀ ਹੋ ਜਾਂਦੀ ਹੈ।**

## ਇਸ ਨਾਲ ਕਿਵੇਂ ਨਜਿੱਠੀਏ

ਭੋਜਨ ਸਾਡੇ ਸਮਾਜਿਕ ਅਤੇ ਸਭਿੱਆਚਾਰਕ ਜੀਵਨ ਦਾ ਸਭ ਤੋਂ ਅਹਿਮ ਪੱਖ ਹੈ ਅਤੇ। ਨੀਤੀਆਂ ਨੂੰ ਨਿਰਧਾਰਿਤ ਕਰਨ 'ਚ ਸਰਕਾਰ ਅਤੇ ਸਮਾਜ ਦੋਵੇਂ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਸਕੂਲਾਂ ਵਿਚ ਮਿਡ-ਡੇਅ ਮੀਲ ਤੋਂ ਲੈ ਕੇ ਸਰਕਾਰੀ ਸਪਾਂਸਰ ਸਮਾਰੋਹਾਂ ਤੱਕ, ਭੋਜਨ ਨਾਲ ਜੁੜੇ ਫੈਸਲੇ ਅਕਸਰ ਪਾਲਣ-ਪੋਸ਼ਣ ਸਬੰਧੀ ਲੋੜਾਂ ਦੀ ਬਜਾਏ ਸਮਾਜਿਕ ਅਤੇ ਸਿਆਸੀ ਅਦਾਰਿਆਂ ਵਲੋਂ ਸੰਚਾਲਿਤ ਹੁੰਦੇ ਹਨ। ਵਧੇਰੇ ਮਾਮਲਿਆਂ ਵਿਚ, ਸਿਹਤ ਦਾ ਸਵਾਲ ਅਕਸਰ ਪਿੱਛੇ ਰਹਿ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਹੋਏ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐੱਨ. ਐੱਫ. ਐੱਚ. ਐੱਸ-5ਏ 2019-21) ਅਨੁਸਾਰ, 5 ਸਾਲ ਤੋਂ ਉਮਰ ਦੇ ਬੱਚਿਆਂ ਵਿਚ ਬੌਣੇਪਨ ਦੀ ਦਰ 35.5 ਫੀਸਦੀ, ਕਮਜ਼ੋਰੀ ਦੀ ਦਰ 19.3 ਫੀਸਦੀ ਅਤੇ ਘੱਟ ਭਾਰ ਦੀ ਮੌਜੂਦਗੀ 32.1 ਫੀਸਦੀ ਹੈ। ਅਜਿਹੇ ਸਬੂਤਾਂ ਦੇ ਬਾਵਜੂਦ, ਪਾਲਣ-ਪੋਸ਼ਣ ਅਤੇ ਜਨਤਕ ਸਿਹਤ ਨੂੰ ਬੇਧਿਆਨ ਕੀਤਾ ਜਾਂਦਾ ਹੈ। ਭੋਜਨ ਦੀ ਗੁਣਵੱਤਾ ਬਾਰੇ ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਨੂੰ ਲੈ ਕੇ ਕੋਈ ਗੁੱਸਾ ਕਿਉਂ ਨਹੀਂ ਹੈ ਜੋ ਜਨਤਕ ਸਿਹਤ ਲਈ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

1990 ਦੇ ਦਹਾਕੇ ਵਿੱਚ ਮਿਲਾਵਟੀ ਦੁੱਧ ਬਾਰੇ ਕਹਾਣੀਆਂ ਸੁਣਨਾਂ ਆਮ ਗੱਲ ਸੀ। 2025 ਵਿਚ ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਦੀ ਸਮੱਸਿਆ ਬਣੀ ਹੋਈ ਹੈ ਉਦਾਹਰਣ ਲਈ 2011 ਵਿੱਚ ਦੁੱਧ ਵਿੱਚ ਮਿਲਾਵਟ 'ਤੇ ਕੌਮੀ ਸਰਵੇਖਣ ਤੋਂ ਪਤਾ ਲੱਗਾ ਕਿ ਭਾਰਤ ਵਿੱਚ ਜਾਂਚੇ ਗਏ ਦੁੱਧ ਦੇ 70 ਫੀਸਦੀ ਨਮੂਨੇ ਖੁਰਾਕੀ ਸੁਰੱਖਿਆ ਦੇ ਪੱਧਰ 'ਤੇ ਖਰੇ ਨਹੀਂ ਉਤਰੇ। ਦੁੱਧ ਵਿੱਚ ਪਾਣੀ ਦੀ ਮੁੱਖ ਰੂਪ ਵਿੱਚ ਮਿਲਾਵਟ ਕੀਤੀ ਜਾਂਦੀ ਹੈ। ਹੋਰਨਾਂ ਮਿਲਾਵਟਾਂ ਵਿੱਚ ਲੂਣ, ਡਿਟਰਜੈਂਟ ਅਤੇ ਗੁਲੂਕੋਜ਼ ਸ਼ਾਮਲ ਹਨ।

ਪਿਛਲੇ ਕੁਝ ਦਿਨਾਂ ਦੌਰਾਨ ਪਨੀਰ, ਤਰਬੂਜ਼, ਮਸਾਲਿਆਂ ਆਦਿ ਵਰਗੀਆਂ ਰੋਜ਼ਾਨਾ ਦੀ ਵਰਤੋਂ ਵਾਲੀਆਂ ਕਈ ਹੋਰ ਵਸਤਾਂ ਵਿੱਚ ਖੁਰਾਕੀ ਮਿਲਾਵਟ ਬਾਰੇ ਚਿੰਤਾਜਨਕ ਰਿਪੋਰਟਾਂ ਆਈਆਂ ਹਨ। ਦਿੱਲੀ, ਮੁੰਬਈ, ਨੋਇਡਾ ਵਰਗੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਈਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਬਾਜ਼ਾਰ 'ਨਕਲੀ ਪਨੀਰ' ਨਾਲ ਭਰੇ ਪਏ ਹਨ। ਸਭ ਤੋਂ ਆਮ ਮਿਲਾਵਟ ਵਿੱਚ ਸਟਾਰਚ, ਡਿਟਰਜੈਂਟ, ਸਿੰਥੈਟਿਕ ਦੁੱਧ, ਐਸੇਟਿਕ ਐਸਿਡ ਆਦਿ ਸ਼ਾਮਲ ਹਨ। ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਕਰਨ ਨਾਲ ਸਿਹਤ ਸਬੰਧੀ ਗੰਭੀਰ ਨਤੀਜੇ ਨਿਕਲ ਸਕਦੇ ਹਨ, ਜਿਨ੍ਹਾਂ ਵਿੱਚ ਫੂਡ ਪੁਆਇਜ਼ਨਿੰਗ ਆਦਿ ਸ਼ਾਮਲ ਹਨ। ਕਈ ਵਾਰ ਇਸ ਕਾਰਨ ਮੌਤ ਵੀ ਹੋ ਜਾਂਦੀ ਹੈ।

ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਅਜਿਹੇ ਦੇਸ਼ ਵਿੱਚ ਖਤਰੇ ਦੀ ਘੰਟੀ ਵਜਾ ਸਕਦੀ ਹੈ ਜੋ ਇਨਫੈਕਸ਼ਨ ਅਤੇ ਗੈਰ-ਇਨਫੈਕਟਿਡ ਦੋਹਾਂ ਤਰ੍ਹਾਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਭਾਰਤ ਨੂੰ ਅਕਸਰ ਦੁਨੀਆਂ ਦੀ ਸ਼ੂਗਰ ਰਾਜਧਾਨੀ ਵਜੋਂ ਜਾਣਿਆਂ ਜਾਂਦਾ ਹੈ। ਇੱਥੇ 18 ਸਾਲ ਤੋਂ ਵੱਧ ਉਮਰ ਦੇ ਲਗਭਗ 77 ਮਿਲੀਅਨ ਲੋਕ ਇਸ ਗੈਰ-ਇਨਫੈਕਟਿਡ ਬੀਮਾਰੀ ਤੋਂ ਪੀੜਤ ਹਨ। ਭਾਰਤੀ ਮੈਡੀਕਲ ਖੋਜ ਕੌਂਸਲ ਅਤੇ ਮਦਰਾਸ ਸ਼ੂਗਰ ਖੋਜ ਫਾਊਂਡੇਸ਼ਨ ਚੇਨਈ ਵਲੋਂ ਕੁਝ ਦਿਨ ਪਹਿਲਾਂ ਕੀਤੇ ਗਏ ਅਧਿਐਨ ਵਿੱਚ ਇਸ ਦਾ ਕਾਰਨ ਭਾਰਤੀਆਂ ਵਲੋਂ ਵਰਤੇ ਜਾਣ ਵਾਲੇ ਭੋਜਨ ਨੂੰ ਦੱਸਿਆ ਗਿਆ ਹੈ।

ਸ਼ੂਗਰ ਦੇ ਰੋਗੀਆਂ ਦੀ ਵਧੇਰੇ ਗਿਣਤੀ ਤਲੀਆਂ ਹੋਈਆਂ ਅਤੇ ਵਧੇਰੇ ਪ੍ਰੋਸੈਸਡ ਕੀਤੀਆ ਖਾਣ-ਪੀਣ ਵਾਲੀਆਂ ਵਸਤਾਂ ਨਾਲ ਜੁੜੀ ਹੋਈ ਹੈ। ਘੱਟ ਗੁਣਵੱਤਾ ਵਾਲੇ ਤੇਲਾਂ ਦੀ ਵਰਤੋਂ ਇਕ ਹੋਰ ਕਾਰਨ ਹੈ। ਦੇਸ਼ ਵਿੱਚ ਸਭ ਤੋਂ ਵੱਧ ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਖਾਣ ਵਾਲੇ ਤੇਲ ਵੀ ਸ਼ਾਮਲ ਹਨ। ਸਰ੍ਹੋਂ ਦੇ ਤੇਲ ਵਿੱਚ ਚੌਲ ਦੀ ਫਕ ਦਾ ਤੇਲ, ਆਰਗੇਮੋਨ ਤੇਲ ਅਤੇ ਨਕਲੀ ਐਲਿਲ ਆਈਸੋਥਿਓਸਾਈਨੇਟ ਵਰਗੀ ਮਿਲਾਵਟ ਕੀਤੀ ਜਾਂਦੀ ਹੈ।

ਮਸਾਲਿਆਂ ਵਿੱਚ ਮਿਲਾਵਟ ਦਾ ਮਾਮਲਾ ਹੋਰ ਵੀ ਹੈਰਾਨ ਕਰਨ ਵਾਲਾ ਹੈ। ਅਪ੍ਰੈਲ 2024 ਵਿੱਚ ਹਾਂਗਕਾਂਗ ਨੇ ਕੈਂਸਰ ਪੈਦਾ ਕਰਨ ਵਾਲੇ ਕੀਟਨਾਸ਼ਕ ਐਥੀਲੀਨ ਆਕਸਾਈਡ ਦੀ ਵੱਡੀ ਮਾਤਰਾ ਦੀ ਮੌਜੂਦਗੀ ਕਾਰਨ ਕੁਝ ਮਸਾਲਿਆਂ ਦੀ ਵਿਕਰੀ ਨੂੰ ਮੁਅੱਤਲ ਕਰਾ ਦਿੱਤਾ ਸੀ। ਭਾਰਤ ਵਿੱਚ ਬਣੇ ਮਸਾਲੇ, ਜਿਸ ਨੂੰ ਪ੍ਰਮੁੱਖ ਬਰਾਮਦ ਹੋਣ ਵਾਲੇ ਮਸਾਲਿਆਂ ਵਿੱਚ ਇਕ ਮੰਨਿਆ ਜਾਂਦਾ ਹੈ, ਸਮੁੱਚੀ ਦੁਨੀਆਂ ਵਿੱਚ ਵੱਡੇ ਪੱਧਰ 'ਤੇ ਵੇਚੇ ਜਾਂਦੇ ਹਨ।

ਸਿਹਤ ਪ੍ਰਭਾਵ ਤੋਂ ਇਲਾਵਾ ਜਦੋਂ ਇਹ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਦੇਸ਼ ਦੇ ਕੌਮਾਂਤਰੀ ਵੱਕਾਰ ਨੂੰ ਵੀ ਨੁਕਸਾਨ ਪਹੁੰਚਦਾ ਹੈ। ਯੂਰਪੀਅਨ ਯੂਨੀਅਨ ਨੇ ਪਹਿਲਾਂ ਹੀ ਭਾਰਤ ਤੋਂ ਆਉਂਣ ਵਾਲੀ ਮਿਰਚ ਅਤੇ ਕਾਲੀ ਮਿਰਚ ਵਿੱਚ ਐਥੀਲੀਨ ਆਕਸਾਈਡ ਦੀ ਮੌਜੂਦਗੀ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਇਸ ਨੇ 2019 ਅਤੇ 2024 ਦਰਮਿਆਨ ਭਾਰੀ ਮਿਲਾਵਟ ਕਾਰਨ 400 ਵਸਤਾਂ 'ਤੇ ਪਾਬੰਦੀ ਵੀ ਲਾਈ ਹੈ।





ਭਾਰਤੀ ਖੁਰਾਕ ਸੁਰੱਖਿਆ ਅਤੇ ਸਟੈਂਡਰਡ ਅਥਾਰਟੀ ਵਲੋਂ ਛਾਪੇ ਮਾਰੇ ਜਾ ਰਹੇ ਹਨ, ਨਮੂਨਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਈ ਨਿਰਮਾਤਾਵਾਂ ਦੇ ਵਿਨਿਰਮਾਣ ਲਾਇਸੈਂਸ ਰੱਦ ਕੀਤੇ ਗਏ ਹਨ। ਲੋਕਾਂ ਨੂੰ ਮਿਲਾਵਟੀ ਵਸਤਾਂ ਨੂੰ ਖਰੀਦਣ ਤੋਂ ਚੌਕਸ ਰਹਿਣ, ਧਿਆਨ ਨਾਲ ਜਾਂਚ ਕਰਨ ਅਤੇ ਘਰ ਵਿੱਚ ਪਨੀਰ ਵਰਗੀਆਂ ਵਸਤਾਂ ਖਾਣ ਲਈ ਵੀ ਨਿਰਦੇਸ਼ਿਤ ਕੀਤਾਂ ਗਿਆ ਹੈ ਪਰ ਅਜਿਹੇ ਉਪਾਅ ਚੋਖੇ ਨਹੀਂ ਹਨ।

ਇਹ ਕਹਿ ਕੇ ਕਿ ਨਾਗਰਿਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਘਰ ਹੀ ਭੋਜਨ ਕਰਨਾ ਚਾਹੀਦ ਹੈ, ਭੋਜਨ ਨੂੰ ਸੁਰੱਖਿਅਤ ਅਤੇ ਸਿਹਤਮੰਦ ਬਣਾਉਣ ਦੀ ਜ਼ਿੰਮੇਵਾਰੀ ਸਰਕਾਰ ਤੋਂ ਵਿਅਕਤੀ ਵਿੱਚ ਤਬਦੀਲ ਕਰ ਦਿੱਤੀ ਜਾਂਦੀ ਹੈ। ਇਹ ਅਜਿਹੇ ਦੇਸ਼ ਵਿੱਚ ਹਾਸਲ ਕਰਨਾ ਖਾਸ ਤੌਰ 'ਤੇ ਔਖਾ ਹੈ ਜਿੱਥੇ ਅਜੇ ਵੀ ਗਰੀਬਾਂ ਅਤੇ ਅਨਪੜ੍ਹ ਲੋਕਾਂ ਦੀ ਵੱਡੀ ਆਬਾਦੀ ਹੈ। ਸਮੱਸਿਆ ਵਧੀਆ ਖੇਤੀਬਾੜੀ, ਪ੍ਰਾਸੈਸਿੰਗ ਅਤੇ ਪੈਕੇਜਿੰਗ ਰਵਾਇਤਾਂ ਦੀ ਮੰਗ ਕਰਦੀ ਹੈ। ਹਰ ਪੱਧਰ 'ਤੇ ਉਤਪਾਦਕਾਂ ਨੂੰ ਸੁਰੱਖਿਅਤ ਖਾਣ-ਪੀਣ ਵਾਲੀਆਂ ਰਵਾਇਤਾਂ ਸਬੰਧ. ਵਧੀਆਂ ਸਿਖਲਾਈ ਅਤੇ ਗਿਆਨ ਦੇਣ ਦੀ ਲੋੜ ਹੈ। ਪੂਰੇ ਭਾਰਤ ਵਿੱਚ ਸਖਤ ਅਮਲ ਯਕੀਨੀ ਕਰਨਾ ਚਾਹੀਦਾ ਹੈ ਕਿਉਕਿ ਕਈ ਸੂਬਿਆਂ ਵਿੱਚ ਅਜਿਹਾ ਕਰਨ ਲਈ ਬਨਿਆਦੀ ਢਾਂਚੇ ਨਹੀਂ ਹਨ। ਭੋਜਨ ਵਿੱਚ ਕੀਟਨਾਸ਼ਕਾਂ ਦੇ ਵਧਦੇ ਪੱਧਰ ਨੂੰ ਵੇਖਣ ਅਤੇ ਭੋਜਨ ਦੀ ਗੁਣਵੱਤਾ ਅਤੇ ਸਿਹਤ ਦੇ ਨਾਲ ਇਸ ਸੰਬੰਧ 'ਤੇ ਵਿਚਾਰ ਕਰਨ ਦੀ ਵੀ ਲੋੜ ਹੈ। ਸਾਨੂੰ ਪਾਲਣ-ਪੋਸ਼ਣ ਅਤੇ ਸਿਹਤ ਸੰਬੰਧੀ ਖਤਰਿਆਂ ਨਾਲ ਲੜਨ ਲਈ ਖੁਰਾਕ ਸਾਖਰਤਾ ਦੀ ਧਾਰਨਾ ਨੂੰ ਵਿਕਸਿਤ ਕਰਨਾ ਚਾਹੀਦਾ ਹੈ।

(ਲੇਖਿਕਾ ਆਈ. ਆਈ. ਟੀ. ਗੁਹਾਟੀ ਦੇ ਮਾਨਵਿਕੀ ਅਤੇ ਸਮਾਜਿਕ ਵਿਗਿਆਨ ਵਿਭਾਗ ਵਿੱਚ ਸਮਾਜ ਸ਼ਾਸਤਰ ਪੜ੍ਹਾਉਂਦੀ ਹੈ)

# ਝੋਨੇ-ਬਾਸਮਤੀ ਵਿੱਚ ਬੀਜ ਸੋਧ ਅਪਣਾਓ ਅਤੇ ਫ਼ਸਲ ਨੂੰ ਬਿਮਾਰੀ ਤੋਂ ਬਚਾਓ



ਝੋਨੇ ਦੀ ਫ਼ਸਲ ਸਾਉਣੀ ਰੁੱਤ ਦੀ ਮੁੱਖ ਫ਼ਸਲ ਹੈ । ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਇਸ ਦੇ ਝਾੜ 'ਤੇ ਬੇਹੱਦ ਮਾੜਾ ਅਸਰ ਪਾਉਂਦੇ ਹਨ । ਇਨ੍ਹਾਂ ਵਿੱਚੋਂ ਕੁੱਝ ਬਿਮਾਰੀਆਂ ਬੀਜ ਰਾਹੀਂ ਫੈਲਦੀਆਂ ਹਨ, ਜਿਨ੍ਹਾਂ ਦੀ ਰੋਕਥਾਮ ਬਿਜਾਈ ਵੇਲੇ ਬੀਜ ਸੋਧ ਨਾਲ ਕੀਤੀ ਜਾ ਸਕਦੀ ਹੈ । ਇਸ ਤਰ੍ਹਾਂ ਬਾਸਮਤੀ ਦੀ ਫ਼ਸਲ 'ਤੇ ਮੁੱਢਾਂ ਦੇ ਗਾਲੇ (ਝੰਡਾ ਰੋਗ) ਦੀ ਬਿਮਾਰੀ ਇੱਕ ਮੁੱਖ ਸਮੱਸਿਆ ਹੈ, ਜਿਸ ਦੀ ਰੋਕਥਾਮ ਲਈ ਬੀਜ ਦੀ ਸੋਧ ਜ਼ਰੂਰੀ ਹੈ । ਝੋਨੇ ਅਤੇ ਬਾਸਮਤੀ ਵਿੱਚ ਹੇਠ ਲਿਖੇ ਢੰਗ ਨਾਲ ਬੀਜ ਦੀ ਸੋਧ ਜ਼ਰੂਰ ਕਰੋ ।

| ਬੀਜ ਉਪਚਾਰ ਦਾ ਢੰਗ | ਫ਼ਸਲ | ਪ੍ਰਤੀ ਕਿਲੋ ਬੀਜ ਲਈ ਉੱਲੀਨਾਸ਼ਕ ਦੀ ਮਾਤਰਾ | ਬੀਜ ਸੋਧ ਦਾ ਢੰਗ |
|---|---|---|---|
| **ਰਸਾਇਣਿਕ ਢੰਗ** | | | |
| ਉੱਲੀਨਾਸ਼ਕ ਸਪਰਿੰਟ 75 ਡਬਲਯੂ. ਐਸ. (ਮੈਨਕੋਜ਼ੈਬ 50% + ਕਾਰਬੈਂਡਾਜ਼ਿਮ 25%) | ਝੋਨਾ, ਬਾਸਮਤੀ | 3 ਗ੍ਰਾਮ (10-12 ਮਿਲੀਲੀਟਰ ਪਾਣੀ ਵਿੱਚ ਘੋਲ ਕੇ) | ਝੋਨੇ ਦੇ ਬੀਜ ਨੂੰ ਪਾਣੀ ਵਿੱਚ 10-12 ਘੰਟੇ ਲਈ ਡੁਬੋ ਲਓ । ਜਿਹੜਾ ਹਲਕਾ ਬੀਜ ਪਾਣੀ ਉੱਤੇ ਤਰ ਜਾਵੇ, ਉਸ ਨੂੰ ਵੱਖ ਕਰ ਦਿਉ । ਬੀਜ ਦੀ ਪਨੀਰੀ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ ਨੂੰ 8-10 ਮਿਲੀਲੀਟਰ ਪਾਣੀ ਵਿੱਚ ਘੋਲ ਕੇ, ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ । (8 ਕਿਲੋ ਬੀਜ ਲਈ 24 ਗ੍ਰਾਮ ਸਪਰਿੰਟ ਨੂੰ 80-100 ਮਿਲੀਲੀਟਰ ਪਾਣੀ ਵਿੱਚ ਘੋਲ ਲਉ) । |
| **ਜੈਵਿਕ ਢੰਗ** | | | |
| ਟ੍ਰਾਈਕੋਡਰਮਾ ਐਸਪੈਰੇਲਮ 2% ਡਬਲਯੂ. ਪੀ., ਪੀ. ਏ. ਯੂ. ਸਟ੍ਰੇਨ (ਐਜੀਨੋਰ) | ਬਾਸਮਤੀ | 15 ਗ੍ਰਾਮ | ★ **ਪਨੀਰੀ ਬੀਜਣ ਤੋਂ ਪਹਿਲਾਂ** : ਇੱਕ ਕਿਲੋ ਬੀਜ ਦੀ ਸੋਧ ਲਈ 15 ਗ੍ਰਾਮ ਜੈਵਿਕ ਉੱਲੀਨਾਸ਼ਕ ਦੀ ਵਰਤੋਂ ਕਰੋ ।<br>★ **ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ** : ਪਨੀਰੀ ਦੀਆਂ ਜੜ੍ਹਾਂ ਦੀ ਸੋਧ ਲਈ, 15 ਗ੍ਰਾਮ ਜੈਵਿਕ ਉੱਲੀਨਾਸ਼ਕ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਲੋੜੀਂਦੇ ਘੋਲ ਦੀ ਮਾਤਰਾ ਤਿਆਰ ਕਰੋ ਅਤੇ ਇਸ ਘੋਲ ਵਿੱਚ ਪਨੀਰੀ ਦੀਆਂ ਜੜ੍ਹਾਂ 6 ਘੰਟੇ ਲਈ ਡੁਬੋ ਲਵੋ । |

**ਉਰਵੀ ਸ਼ਰਮਾ ਅਤੇ ਸਤਬੀਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ** (ਮੋ. 94597-86507)




# ਅਰਹਰ ਦੀ ਸਫਲ ਕਾਸ਼ਤ ਦੇ ਨੁਕਤੇ

**ਜਸਵਿੰਦਰ ਕੁਮਾਰ, ਪ੍ਰਦੀਪ ਕੁਮਾਰ ਅਤੇ ਬਲਜੀਤ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ,**
**ਸ਼ਹੀਦ ਭਗਤ ਸਿੰਘ ਨਗਰ** (ਮੋ. 94633-49656)

**ਕਿਸਮਾਂ :**

**ਏ. ਐਲ.-882** : ਇਹ ਕਿਸਮ ਘੱਟ ਕੱਦ (1.6-1.8 ਮੀਟਰ) ਅਤੇ ਘੱਟ ਸਮਾਂ (132 ਦਿਨ) ਲੈਣ ਵਾਲੀ ਹੈ, ਜਿਸ ਨਾਲ ਹਾੜ੍ਹੀ ਦੀ ਫ਼ਸਲ ਸਮੇਂ ਸਿਰ ਬੀਜੀ ਜਾ ਸਕਦੀ ਹੈ । ਇਸ ਦਾ ਔਸਤ ਝਾੜ ਤਕਰੀਬਨ 5.4 ਕੁਇੰਟਲ ਪ੍ਰਤੀ ਏਕੜ ਹੈ ।

**ਏ. ਐਲ.-881** : ਇਸ ਕਿਸਮ ਦਾ ਕੱਦ 2 ਮੀਟਰ, ਪੱਕਣ ਲਈ ਸਮਾਂ 132 ਦਿਨ ਅਤੇ ਔਸਤ ਝਾੜ ਤਕਰੀਬਨ 5.1 ਕੁਇੰਟਲ ਪ੍ਰਤੀ ਏਕੜ ਹੈ ।

**ਫ਼ਸਲੀ ਚੱਕਰ** : ਸਾਉਣੀ ਰੁੱਤ ਵਿੱਚ ਅਰਹਰ ਅਤੇ ਹਾੜ੍ਹੀ ਰੁੱਤ ਵਿੱਚ ਕਣਕ ਜਾਂ ਜੌਂ ਦੀ ਫ਼ਸਲ ਬੀਜੀ ਜਾ ਸਕਦੀ ਹੈ ।

**ਬਿਜਾਈ ਦਾ ਢੁੱਕਵਾਂ ਸਮਾਂ** : ਜੇਕਰ ਬਿਜਾਈ 15 ਮਈ ਤੋਂ 30 ਮਈ ਵਿਚਕਾਰ ਕੀਤੀ ਜਾਵੇ ਤਾਂ ਫ਼ਸਲ ਜਲਦੀ ਪੱਕਦੀ ਹੈ ਅਤੇ ਅਗਲੀ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ ।

**ਬੀਜ ਦੀ ਮਾਤਰਾ** : 6 ਕਿਲੋ ਪ੍ਰਤੀ ਏਕੜ ਬੀਜ ਦੀ ਜ਼ਰੂਰਤ ਪੈਂਦੀ ਹੈ ।

**ਬੀਜ ਦੀ ਸੋਧ ਜੀਵਾਣੂ ਟੀਕੇ ਨਾਲ ਕਰਨੀ** : ਜੀਵਾਣੂ ਟੀਕਾ (ਰਾਈਜ਼ੋਬੀਅਮ) ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਕ੍ਰਿਸ਼ੀ ਵਿਗਿਆਨ ਕੇਂਦਰ / ਫਾਰਮ ਸਲਾਹਕਾਰ ਕੇਂਦਰਾਂ ਤੋਂ ਪ੍ਰਾਪਤ ਕਰਕੇ ਇੱਕ ਪੈਕਟ ਨੂੰ 6 ਕਿਲੋ ਬੀਜ ਦੀ ਸੋਧ ਵਾਸਤੇ ਵਰਤੋਂ । ਬੀਜ ਨੂੰ ਪੱਕੇ ਫਰਸ਼ ਉੱਤੇ ਖਿਲਾਰ ਕੇ ਬਹੁਤ ਥੋੜ੍ਹੇ ਪਾਣੀ ਨਾਲ ਸਿੱਲਾ ਕਰੋ, ਫੇਰ ਜੀਵਾਣੂ ਖਾਦ ਦੇ ਪੈਕਟ ਵਿਚਲੀ ਸਮੱਗਰੀ ਨੂੰ ਬੀਜ ਦੇ ਨਾਲ ਚੰਗੀ ਤਰ੍ਹਾਂ ਰਲਾ ਦਿਓ । ਬੀਜ ਨੂੰ ਛਾਵੇਂ ਸੁਕਾ ਕੇ ਉਸੇ ਦਿਨ ਹੀ ਬਿਜਾਈ ਕਰ ਦਿਓ । ਇਸ ਵਿਧੀ ਨਾਲ ਫ਼ਸਲ ਦਾ ਝਾੜ 5-7 ਫੀਸਦੀ ਵਧੇਰੇ ਹੁੰਦਾ ਹੈ ।

**ਬਿਜਾਈ ਦੇ ਢੰਗ :**

★ ਜ਼ੀਰੋ ਟਿੱਲ ਡਰਿੱਲ ਨਾਲ ਬਿਨ੍ਹਾ ਵਹਾਈ ਕੀਤੇ ਬਿਜਾਈ ਕੀਤੀ ਜਾ ਸਕਦੀ ਹੈ । ਵਧੇਰੇ ਝਾੜ ਪ੍ਰਾਪਤ ਕਰਨ ਲਈ ਜ਼ਮੀਨ ਦੀ ਦੋ ਵਾਰ ਵਹਾਈ ਕਰਕੇ, ਇੱਕ ਵਾਰ ਸੁਹਾਗਾ ਫੇਰ ਕੇ ਬਿਜਾਈ ਸੀਡ ਡਰਿੱਲ ਨਾਲ 50 ਸੈਂਟੀਮੀਟਰ ਦੂਰੀ ਉੱਤੇ ਲਾਇਨਾਂ ਵਿੱਚ ਕਰੋ, ਪੌਦਿਆਂ ਵਿਚਕਾਰ ਦੂਰੀ 25 ਸੈਂਟੀਮੀਟਰ ਰੱਖੋ ਤਾਂ ਜੋ ਫ਼ਸਲ ਦਾ ਪੂਰਾ ਫੈਲਾਅ ਹੋ ਸਕੇ ।

★ **ਸੰਘਣੀ ਬਿਜਾਈ ਦੀ ਵਿਧੀ** : ਜੇਕਰ ਬਿਜਾਈ ਦਾ ਢੁੱਕਵਾਂ ਸਮਾਂ ਖੁੰਝ ਜਾਵੇ, ਤਾਂ ਪਿਛੇਤੀ ਬਿਜਾਈ ਲਈ (15-25 ਜੂਨ) 12 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ 30 ਸੈਂਟੀਮੀਟਰ ਦੀ ਦੂਰੀ ਉੱਤੇ ਕਤਾਰਾਂ ਵਿੱਚ ਬਿਜਾਈ ਕੀਤੀ ਜਾ ਸਕਦੀ ਹੈ । ਪੌਦਿਆਂ ਵਿਚਕਾਰ ਫਾਸਲਾ 25 ਸੈਂਟੀਮੀਟਰ ਹੀ ਰੱਖੋ, ਤਾਂ ਜੋ ਫ਼ਸਲ ਦਾ ਪੂਰਾ ਫੈਲਾਅ ਹੋ ਸਕੇ ।

★ **ਬੈਡਾਂ ਉਪਰ ਬਿਜਾਈ** : ਬੈਡ ਪਲਾਂਟਰ (37.5 ਸੈਂਟੀਮੀਟਰ ਦਾ ਬੈਡ ਅਤੇ 30 ਸੈਂਟੀਮੀਟਰ ਦੀ ਖਾਲੀ) ਨਾਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਉੱਤੇ ਅਰਹਰ ਦੀ ਬਿਜਾਈ ਕੀਤੀ ਜਾ ਸਕਦੀ ਹੈ । ਅਰਹਰ ਦੀ ਇੱਕ ਕਤਾਰ ਬੈਡ ਦੇ ਵਿਚਕਾਰ ਬੀਜੋ, ਇਸ ਨਾਲ ਬਾਰਿਸ਼ਾਂ ਦੇ ਜ਼ਿਆਦਾ ਪਾਣੀ ਕਾਰਨ ਹੋਣ ਵਾਲੇ ਨੁਕਸਾਨ ਤੋਂ ਫ਼ਸਲ ਦਾ ਬਚਾਅ ਹੋ ਸਕਦਾ ਹੈ ।

**ਦੋ ਫ਼ਸਲਾਂ ਨੂੰ ਮਿਲਾ ਕੇ ਬਿਜਾਈ ਕਰਨਾ** : ਅਰਹਰ ਦੀਆਂ ਦੋ ਕਤਾਰਾਂ ਵਿਚਕਾਰ ਜੇਕਰ ਇੱਕ ਕਤਾਰ ਸਾਉਣੀ ਰੁੱਤ ਦੀ ਮੂੰਗੀ ਦੀ ਬਿਜਾਈ ਕਰੀਏ ਤਾਂ ਔਸਤਨ 1.2 ਕੁਇੰਟਲ ਮੂੰਗੀ ਦਾ ਝਾੜ ਪ੍ਰਾਪਤ ਹੋ ਜਾਂਦਾ ਹੈ ਅਤੇ ਅਰਹਰ ਦੀ ਫ਼ਸਲ ਉੱਤੇ ਕੋਈ ਮਾੜਾ ਅਸਰ ਨਹੀਂ ਪੈਂਦਾ ।

**ਖੁਰਾਕੀ ਤੱਤਾਂ ਦੀ ਵਰਤੋਂ** : ਅਰਹਰ ਦੀ ਫ਼ਸਲ ਫਲੀਦਾਰ ਹੋਣ ਕਾਰਨ ਸਿਰਫ 13 ਕਿਲੋ ਯੂਰੀਆ ਖਾਦ ਪ੍ਰਤੀ ਏਕੜ ਬਿਜਾਈ ਸਮੇਂ ਲੋੜ ਪੈਂਦੀ ਹੈ । ਜੇਕਰ ਹਾੜ੍ਹੀ ਰੁੱਤ ਵਿੱਚ ਬੀਜੀ ਫ਼ਸਲ (ਕਣਕ) ਨੂੰ ਪੂਰੀ ਮਾਤਰਾ ਵਿੱਚ ਫਾਸਫੋਰਸ ਖਾਦ ਪਾਈ ਹੋਵੇ ਤਾਂ ਅਰਹਰ ਦੀ ਫ਼ਸਲ ਨੂੰ ਨਾ ਪਾਓ, ਨਹੀਂ ਤਾਂ 100 ਕਿਲੋ ਸਿੰਗਲ ਸੁਪਰ ਫਾਸਫੇਟ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਪਾ ਦਿਓ । ਪੋਟਾਸ਼ ਤੱਤ ਮਿੱਟੀ ਪਰਖ ਆਧਾਰ ਉੱਤੇ ਜੇਕਰ ਘਾਟ ਹੋਵੇ ਤਾਂ 20 ਕਿਲੋ ਪ੍ਰਤੀ ਕਿੱਲਾ ਮਿਊਰੇਟ ਆਫ ਪੋਟਾਸ਼ ਵੀ ਬਿਜਾਈ ਸਮੇਂ ਪਾਓ ।

**ਨਦੀਨਾਂ ਦਾ ਪ੍ਰਬੰਧਨ** : ਬਿਜਾਈ ਕਰਨ ਉਪਰੰਤ ਇੱਕ ਲੀਟਰ ਸਟੌਂਪ 30 ਈ. ਸੀ. (ਪੈਂਡੀਮੈਥਾਲਿਨ) 200 ਲੀਟਰ ਪਾਣੀ ਸਪਰੇਅ ਪੰਪ ਦੀ ਫਲੱਡ ਜੈਟ ਨੋਜ਼ਲ ਵਰਤ ਕੇ ਸਪਰੇਅ ਸ਼ਾਮ ਵੇਲੇ ਕਰੋ । ਇਸ ਨਾਲ ਨਦੀਨ ਬਹੁਤ ਘੱਟ ਜੰਮਦੇ ਹਨ ਅਤੇ ਬਾਅਦ ਵਿੱਚ ਲੋੜ ਅਨੁਸਾਰ ਗੋਡੀ ਕੀਤੀ ਜਾ ਸਕਦੀ ਹੈ ।

**ਪਾਣੀ ਪ੍ਰਬੰਧਨ** : ਅਰਹਰ ਨੂੰ ਪਹਿਲਾ ਪਾਣੀ 3-4 ਹਫਤਿਆਂ ਬਾਅਦ ਲਗਾਓ । ਬਾਅਦ ਵਿੱਚ ਪਾਣੀ ਕੇਵਲ ਉਨ੍ਹਾਂ ਹਾਲਾਤਾਂ ਵਿੱਚ ਲਗਾਉਣਾ ਹੈ, ਜੇਕਰ ਲੰਬੇ ਸਮੇਂ ਤੱਕ ਬਾਰਿਸ਼ ਨਾ ਹੋਵੇ । ਜੇਕਰ ਫ਼ਸਲ ਨੂੰ ਜ਼ਿਆਦਾ ਪਾਣੀ ਲੱਗੇਗਾ ਤਾਂ ਇਸ ਦਾ ਕੱਦ ਵੱਧ ਜਾਂਦਾ ਹੈ ਅਤੇ ਫਲੀਆਂ ਘੱਟ ਲੱਗਦੀਆਂ ਹਨ । ਖਾਸ ਤੌਰ 'ਤੇ ਅੱਧ ਸਤੰਬਰ ਤੋਂ ਬਾਅਦ ਪਾਣੀ ਬਿਲਕੁੱਲ ਨਹੀਂ ਲਗਾਉਣਾ ਚਾਹੀਦਾ ਨਹੀਂ ਤਾਂ ਫ਼ਸਲ ਦੇਰੀ ਨਾਲ ਪੱਕੇਗੀ ।

# ਨਰਮੇ ਦੀ ਫ਼ਸਲ ਵਿੱਚ ਨਦੀਨਾਂ ਤੋਂ ਨਿਜਾਤ ਪਾਉਣ ਲਈ ਢੁੱਕਵੇਂ ਪ੍ਰਬੰਧ ਕਰੋ

**ਕਿਸਾਨ ਵੀਰੋ ! ਨਰਮੇ ਦੀ ਬਿਜਾਈ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਨੂੰ ਹੀ ਤਰਜ਼ੀਹ ਦਿਓ ਅਤੇ ਫ਼ਸਲ ਦੇ ਵਧੀਆ ਜੰਮ ਅਤੇ ਮੁੱਢਲੇ ਵਾਧੇ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ । ਕਤਾਰਾਂ ਵਿਚਲਾ ਫਾਸਲਾ ਜ਼ਿਆਦਾ ਹੋਣ ਕਰਕੇ ਨਰਮੇ ਦੀ ਫ਼ਸਲ ਵਿੱਚ ਨਦੀਨਾਂ ਦੀ ਸਮੱਸਿਆ ਬਹੁਤ ਆਉਂਦੀ ਹੈ ।**



**ਪ੍ਰਮੁੱਖ ਨਦੀਨ** : ਇਟਸਿਟ, ਤੱਕੜੀ ਘਾਹ, ਮਧਾਣਾ, ਮੱਕੜਾ, ਚੁਲਾਈ, ਤਾਂਦਲਾ, ਭੱਖੜਾ, ਕੰਗੀ ਬੂਟੀ, ਪੀਲੀ ਬੂਟੀ ਆਦਿ ਨਰਮੇ-ਕਪਾਹ ਦੇ ਪ੍ਰਮੁੱਖ ਨਦੀਨ ਹਨ । ਨਰਮੇ ਵਿੱਚ ਬਿਜਾਈ ਤੋਂ 20-60 ਦਿਨ ਦਾ ਸਮਾਂ ਨਦੀਨ ਪ੍ਰਬੰਧਨ ਲਈ ਬਹੁਤ ਮਹੱਤਵਪੂਰਨ ਹੈ, ਕਿਉਕਿ ਇਸ ਸਮੇਂ ਦੌਰਾਨ ਨਦੀਨ ਫ਼ਸਲ ਦੇ ਵਾਧੇ ਅਤੇ ਝਾੜ 'ਤੇ ਮਾੜਾ ਅਸਰ ਪਾਉਂਦੇ ਹਨ ।

**ਰੋਕਥਾਮ** : ਨਰਮੇ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ 2-3 ਗੋਡੀਆਂ ਨਾਲ ਕੀਤੀ ਜਾ ਸਕਦੀ ਹੈ । ਤ੍ਰਿਫਾਲੀ ਜਾਂ ਟਰੈਕਟਰ ਟਿੱਲਰ (ਸੀਲਰ) ਨਾਲ ਫ਼ਸਲ ਦੇ ਸ਼ੁਰੂਆਤੀ ਪੜਾਅ ਵਿੱਚ ਹੀ ਨਦੀਨਾਂ ਦੀ ਰੋਕਥਾਮ ਕਰੋ ਅਤੇ ਫੁੱਲ ਪੈਣ ਉਪਰੰਤ ਨਾ ਕਰੋ, ਕਿਉਕਿ ਇਸ ਸਮੇਂ ਫੁੱਲ-ਡੋਡੀ ਝੜ ਜਾਂਦੀ ਹੈ ।

ਇਸ ਤੋਂ ਇਲਾਵਾ ਫ਼ਸਲ ਨੂੰ ਸ਼ੁਰੂਆਤੀ ਅਵਸਥਾ ਵਿੱਚ ਨਦੀਨ-ਮੁਕਤ ਰੱਖਣ ਲਈ ਪ੍ਰਤੀ ਏਕੜ 1.0 ਲੀਟਰ ਸਟੌਂਪ 30 ਈ. ਸੀ. (ਪੈਂਡੀਮੈਥਾਲਿਨ) ਨੂੰ 200 ਲੀਟਰ ਪਾਣੀ ਵਰਤ ਕੇ ਬਿਜਾਈ ਤੋਂ 24 ਘੰਟੇ ਦੇ ਅੰਦਰ-ਅੰਦਰ ਛਿੜਕਾਅ ਸਵੇਰੇ ਜਾਂ ਸ਼ਾਮ ਸਮੇਂ ਹੀ ਕਰੋ । ਇਕਸਾਰ ਛਿੜਕਾਅ ਲਈ ਟੱਕ ਵਾਲੀ ਜਾਂ ਕੱਟ ਵਾਲੀ ਨੋਜ਼ਲ ਹੀ ਵਰਤੋ ।

ਜੇਕਰ ਪਹਿਲੀ ਸਿੰਚਾਈ ਜਾਂ ਬਾਰਿਸ਼ ਤੋਂ ਬਾਅਦ ਨਦੀਨਾਂ ਦੇ ਜੰਮਣ ਦੀ ਸੰਭਾਵਨਾ ਹੋਵੇ ਤਾਂ ਸਟੌਂਪ ਦਾ ਛਿੜਕਾਅ ਚੰਗੇ ਵੱਤਰ ਤੇ ਨਦੀਨ ਉੱਗਣ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ । ਜੇਕਰ ਲੋੜ ਪਵੇ ਤਾਂ ਉੱਗੇ ਹੋਏ ਨਦੀਨਾਂ ਨੂੰ ਛਿੜਕਾਅ ਤੋਂ ਪਹਿਲਾਂ ਗੋਡੀ ਕਰਕੇ ਪੁੱਟ ਦਿਓ, ਕਿਉਕਿ ਸਟੌਂਪ ਉੱਗੇ ਹੋਏ ਨਦੀਨਾਂ 'ਤੇ ਅਸਰ ਨਹੀਂ ਕਰਦਾ । ਸਟੌਂਪ ਦੇ ਛਿੜਕਾਅ ਤੋਂ ਬਾਅਦ ਉੱਗੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 45 ਦਿਨਾਂ ਬਾਅਦ ਇੱਕ ਗੋਡੀ ਤ੍ਰਿਫਾਲੀ ਜਾਂ ਸੀਲਰ ਨਾਲ ਕਰੋ ।

ਇਸ ਦੇ ਬਦਲ ਵਜੋਂ ਖਾਸ ਤੌਰ 'ਤੇ ਬਰਸਾਤੀ ਮੌਸਮ ਦੌਰਾਨ, ਗੋਡੀ ਜਾਂ ਤ੍ਰਿਫਾਲੀ ਤੋਂ ਬਿਨਾਂ ਨਦੀਨਾਂ ਦੀ ਰੋਕਥਾਮ ਲਈ ਨਰਮੇ ਦੀ ਖੜੀ ਫ਼ਸਲ ਵਿੱਚ 500 ਮਿਲੀਲੀਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਐਮ. ਈ. ਸੀ. (ਪਾਇਰੀਥਾਇਉਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦੇ ਹਿਸਾਬ ਨਾਲ ਵੱਤਰ ਖੇਤ ਵਿੱਚ ਛਿੜਕਾਅ ਕਰਨ 'ਤੇ ਘਾਹ ਵਾਲੇ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

ਇਸ ਤੋਂ ਇਲਾਵਾ ਪ੍ਰਤੀ ਏਕੜ 500 ਮਿਲੀਲੀਟਰ ਗਰੈਮਕਸੋਨ 24 ਐਸ. ਐਲ. (ਪੈਰਾਕੁਐਟ) ਜਾਂ 900 ਮਿਲੀਲੀਟਰ ਸਵੀਪ ਪਾਵਰ 13.5 ਐਸ. ਐਲ. (ਗਲੂਫੋਸੀਨੇਟ ਅਮੋਨੀਅਮ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 6-8 ਹਫਤਿਆਂ ਬਾਅਦ ਜਦੋਂ ਫ਼ਸਲ ਦਾ ਕੱਦ ਲਗਭਗ 40-50 ਸੈਂਟੀਮੀਟਰ ਹੋਵੇ, ਕਤਾਰਾਂ ਵਿਚਕਾਰ ਨਦੀਨਾਂ ਉੱਪਰ ਸਿੱਧਾ ਛਿੜਕਾਅ ਕਰੋ ।

ਗਰੈਮਕਸੋਨ ਅਤੇ ਸਵੀਪ ਪਾਵਰ ਦੋਵੇਂ ਗੈਰ-ਚੋਣਵੇਂ ਨਦੀਨ-ਨਾਸ਼ਕ ਹੋਣ ਕਰਕੇ ਫ਼ਸਲ ਲਈ ਮਾਰੂ ਹਨ, ਸੋ ਛਿੜਕਾਅ ਸਮੇਂ ਸੁਰੱਖਿਅਤ ਹੁੱਡ ਦੀ ਵਰਤੋਂ ਕਰੋ ਤਾਂਕਿ ਸਪਰੇਅ ਫ਼ਸਲ ਉੱਪਰ ਨਾ ਪਵੇ । ਹਵਾ ਚੱਲਦੀ ਵਿੱਚ ਇਹਨਾਂ ਨਦੀਨ-ਨਾਸ਼ਕਾਂ ਦਾ ਛਿੜਕਾਅ ਨਹੀਂ ਕਰਨਾ ਚਾਹੀਦਾ ।

**ਮਨਪ੍ਰੀਤ ਸਿੰਘ, ਹਰਜੀਤ ਸਿੰਘ ਬਰਾੜ ਅਤੇ ਸਿਮਰਜੀਤ ਕੌਰ, ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 75891-66117)**

---

ਰੇਤਲੀਆਂ ਜਾਂ ਬਹੁਤ ਜ਼ਿਆਦਾ ਭਾਰੀਆਂ ਜ਼ਮੀਨਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਨਾ ਕੀਤੀ ਜਾਵੇ । ਜੇ ਬਿਜਾਈ ਸੁੱਕੇ ਵਾਹਣ ਵਿੱਚ ਕਰਨੀ ਹੋਵੇ ਤਾਂ ਬਿਜਾਈ ਤੋਂ ਬਾਅਦ ਤੁਰੰਤ ਪਾਣੀ ਲਗਾ ਦਿਉ...



# ਝੋਨੇ ਦੀ ਵੱਧ ਪੈਦਾਵਾਰ ਲਈ ਜ਼ਰੂਰੀ ਨੁਕਤੇ

ਪੰਜਾਬ ਸਰਕਾਰ ਵੱਲੋਂ ਇਸ ਸਾਲ ਸੂਬੇ ਨੂੰ 3 ਜ਼ੋਨਾਂ ਵਿੱਚ ਵੰਡ ਕੇ ਝੋਨੇ ਦੀ ਬਿਜਾਈ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਕੀਤਾ ਗਿਆ ਹੈ । ਜ਼ੋਨ 1 ਵਿੱਚ ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਨੂੰ ਰੱਖਿਆ ਗਿਆ ਹੈ । ਇਨ੍ਹਾਂ ਜ਼ਿਲ੍ਹਿਆਂ ਦੇ ਕਿਸਾਨ ਪੌਦ ਦੀ ਲਵਾਈ ਪਹਿਲੀ ਜੂਨ ਤੋਂ ਕਰ ਸਕਣਗੇ । ਜ਼ੋਨ 2 ਵਿੱਚ ਗੁਰਦਾਸਪੁਰ, ਫਤਿਹਗੜ੍ਹ ਸਾਹਿਬ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪਨਗਰ, ਮੋਹਾਲੀ ਅਤੇ ਹੁਸ਼ਿਆਰਪੁਰ ਨੂੰ ਸ਼ਾਮਿਲ ਕੀਤਾ ਗਿਆ ਹੈ । ਇਸ ਜ਼ੋਨ ਵਿੱਚ ਪੌਦ ਦੀ ਬਿਜਾਈ 5 ਮਈ ਸੀ ਅਤੇ ਲਵਾਈ 5 ਜੂਨ ਤੋਂ ਕੀਤੀ ਜਾ ਸਕੇਗੀ । ਜ਼ੋਨ 3 ਵਿੱਚ ਲੁਧਿਆਣਾ, ਮਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਕਪੂਰਥਲਾ, ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਸ਼ਾਮਿਲ ਹਨ । ਇਨ੍ਹਾਂ ਜ਼ਿਲ੍ਹਿਆਂ ਦੇ ਕਿਸਾਨ ਝੋਨੇ ਦੀ ਲਵਾਈ 9 ਜੂਨ ਤੋਂ ਕਰ ਸਕਣਗੇ ।

### ਮੰਡੀਕਰਨ ਦੀ ਸਮੱਸਿਆ ਨਾਲ ਜੋੜਿਆ ਜਾ ਰਿਹਾ

ਸਰਕਾਰ ਵੱਲੋਂ ਝੋਨੇ ਦੀ ਬਿਜਾਈ ਪਿਛਲੇ ਸਾਲ ਨਾਲੋਂ ਅਗੇਤੀ ਕਰਨ ਦਾ ਕਾਰਨ ਪਛੇਤੇ ਝੋਨੇ ਨੂੰ ਪੱਕਣ ਵੇਲੇ ਤਾਪਮਾਨ ਵਿੱਚ ਗਿਰਾਵਟ ਕਾਰਨ ਨਮੀ ਵੱਧ ਹੋਣ ਕਰਕੇ ਮੰਡੀਕਰਨ ਦੀ ਸਮੱਸਿਆ ਨਾਲ ਜੋੜਿਆ ਜਾ ਰਿਹਾ ਹੈ । ਰਾਜ ਨੂੰ 3 ਜ਼ੋਨਾਂ ਵਿੱਚ ਵੰਡਣ ਸੰਬੰਧੀ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਬਿਜਲੀ ਸਪਲਾਈ ਰੈਗੂਲੇਟ ਕਰਨੀ ਸੌਖੀ ਹੋਵੇਗੀ ਅਤੇ ਟਰਾਂਸਫਾਰਮਰਾਂ/ਗਰਿੱਡਾਂ ਉੱਪਰ ਇਕਦਮ ਬੋਝ ਨਹੀਂ ਪਵੇਗਾ । ਇਸੇ ਤਰ੍ਹਾਂ ਸਾਰੇ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ ਸ਼ੁਰੂ ਹੋ ਗਈ ਹੈ ।

### ਚੋਖਾ ਝਾੜ ਲੈਣ ਲਈ ਜ਼ਰੂਰੀ ਨੁਕਤੇ

ਭਾਵੇਂ ਸਰਕਾਰ ਵੱਲੋਂ ਝੋਨੇ ਦੀ ਬਿਜਾਈ ਪਿਛਲੇ ਸਾਲ ਨਾਲੋਂ ਅਗੇਤੀ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਕਾਰਨ ਪੂਸਾ-44 ਦੀ ਬਿਜਾਂਦ ਹੇਠ ਰਕਬਾ ਵੱਧ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ । ਗੌਰਤਲਬ ਹੈ ਕਿ ਸਰਕਾਰ ਵੱਲੋਂ ਇਸ ਸਾਲ ਪੂਸਾ-44 ਅਤੇ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਵਿਕਰੀ ਅਤੇ ਬਿਜਾਈ ਉਪਰ ਪੂਰਨ ਪਾਬੰਦੀ ਲਗਾਈ ਗਈ ਹੈ । ਇਸ ਲਈ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੂਸਾ-44, ਪੀਲੀ ਪੂਸਾ ਜਾਂ ਡੋਗਰ ਪੂਸਾ ਅਤੇ ਹੋਰ ਹਾਈਬ੍ਰਿਡ ਕਿਸਮਾਂ ਦੀ ਬਿਲਕੁਲ ਬਿਜਾਈ ਨਾ ਕਰਨ, ਸਗੋਂ ਪੀ. ਏ. ਯੂ. ਵੱਲੋਂ ਸਿਫਾਰਿਸ਼-ਸ਼ੁਦਾ ਕਿਸਮਾਂ, ਜਿਵੇਂ ਪੀ. ਆਰ.-126, 131 ਜਾਂ ਨਵੀਂ ਕਿਸਮ ਪੀ. ਆਰ.-132 ਦੀ ਬਿਜਾਈ ਹੀ ਕਰਨ ।

ਪਿਛਲੇ ਸਾਲਾਂ ਦੌਰਾਨ ਪੀ. ਆਰ.-126 ਦੀ 25 ਜੂਨ ਤੋਂ 10 ਜੁਲਾਈ ਤੱਕ ਦੀ ਲਵਾਈ ਨੇ ਬਹੁਤ ਵਧੀਆ ਨਤੀਜੇ ਦਿੱਤੇ ਹਨ । ਇਸ ਕਿਸਮ ਨੇ ਵਧੀਆ ਝਾੜ ਦਿੱਤਾ ਹੈ ਅਤੇ ਘੱਟ ਸਮਾਂ ਲੈਣ ਕਾਰਨ ਪਾਣੀ ਦੀ ਬੱਚਤ ਵੀ ਕਰਦੀ ਹੈ । ਪੀ. ਆਰ.-132 ਕਿਸਮ ਨਵੀਂ ਹੈ, ਇਸ ਲਈ ਇਸ ਨੂੰ ਟਰਾਇਲ ਦੇ ਤੌਰ 'ਤੇ ਥੋੜ੍ਹੇ ਰਕਬੇ ਵਿੱਚ ਕਾਸ਼ਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ । ਧਿਆਨ ਰਹੇ ਕਿ ਇਸ ਕਿਸਮ ਨੂੰ ਪੀ. ਆਰ.-126 ਨਾਲੋਂ 25 ਫੀਸਦੀ ਘੱਟ ਖਾਦਾਂ ਦੀ ਲੋੜ ਹੈ ।

### ਬੀਜ ਦੀ ਸੋਧ

ਇੱਕ ਏਕੜ ਵਾਸਤੇ 25 ਗ੍ਰਾਮ ਸਪਰਿੰਟ ਦਵਾਈ ਨੂੰ 100 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਪੇਸਟ ਬਣਾ ਲਵੋ । 8 ਕਿਲੋ ਬੀਜ ਨੂੰ ਇਹ ਪੇਸਟ ਚੰਗੀ ਤਰ੍ਹਾਂ ਮਲੋ । ਇਸ ਨਾਲ ਬੀਜ ਤੋਂ ਹੋਣ ਵਾਲੇ ਕਈ ਰੋਗਾਂ ਦੀ ਰੋਕਥਾਮ ਹੋ ਜਾਂਦੀ ਹੈ, ਜਿਨ੍ਹਾਂ ਨੂੰ ਬਾਅਦ ਵਿੱਚ ਕੰਟਰੋਲ ਕਰਨਾ ਸੰਭਵ ਨਹੀਂ ਹੁੰਦਾ ।

ਸਿੱਧੀ ਬਿਜਾਈ ਦੀ ਮਿਤੀ ਭਾਵੇਂ 15 ਮਈ ਕਰ ਦਿੱਤੀ ਗਈ ਹੈ, ਪਰ ਫਿਰ ਵੀ 1 ਜੂਨ ਜਾਂ ਇਸ ਤੋਂ ਬਾਅਦ ਹੀ ਬਿਜਾਈ ਕਰਨ ਨਾਲ ਹੀ ਵਧੀਆ ਨਤੀਜੇ ਸਾਹਮਣੇ ਆਏ ਹਨ । ਰੇਤਲੀਆਂ ਜਾਂ ਬਹੁਤ ਜ਼ਿਆਦਾ ਭਾਰੀਆਂ ਜ਼ਮੀਨਾਂ ਵਿੱਚ ਸਿੱਧੀ ਬਿਜਾਈ ਨਾ ਕੀਤੀ ਜਾਵੇ । ਜੇ ਬਿਜਾਈ ਸੁੱਕੇ ਵਾਹਣ ਵਿੱਚ ਕਰਨੀ ਹੋਵੇ ਤਾਂ ਬਿਜਾਈ ਤੋਂ ਬਾਅਦ ਤੁਰੰਤ ਪਾਣੀ ਲਗਾ ਦਿਉ । ਨਦੀਨਾਂ ਦੀ ਰੋਕਥਾਮ ਲਈ ਪੀ. ਏ. ਯੂ. ਵੱਲੋਂ ਇਸ ਸਾਲ ਸਿਫਾਰਿਸ਼ ਕੀਤੀ ਗਈ ਨਵੀਂ ਨਦੀਨ-ਨਾਸ਼ਕ ਟਾਟਾ ਪੇਪੇ ਦਾ 1 ਲੀਟਰ 100 ਲੀਟਰ ਪਾਣੀ ਵਿੱਚ ਘੋਲ ਕੇ 48 ਘੰਟੇ ਦੇ ਅੰਦਰ-ਅੰਦਰ ਛਿੜਕਾਅ ਕਰੋ ।

**ਡਾ. ਇਕਬਾਲਜੀਤ ਸਿੰਘ ਬੈਨੀਪਾਲ**

# ਜੂਨ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਲਈ
ਪਿਛਲਾ ਅੰਕ ਪੜ੍ਹੋ ।

**ਪੱਕੇ ਬੂਟੇ** : ਨਵੇਂ ਲਗੇ ਬੂਟਿਆਂ ਨੂੰ ਧੁੱਪ ਅਤੇ ਲੂ ਤੋਂ ਬਚਾਉਣ ਲਈ ਸਰਕੰਡੇ ਦੀ ਛਾਂ ਕਰੋ । ਬੋਗਨ ਵੇਲੀਆਂ ਦੀਆਂ ਕਿਸਮਾਂ ਜਿਨ੍ਹਾਂ ਦੇ ਫੁੱਲ ਖਤਮ ਹੋ ਚੁੱਕੇ ਹਨ । ਉਨ੍ਹਾਂ ਦੀ ਕਾਂਟ-ਛਾਂਟ ਕਰ ਦਿਓ । ਪੱਕੇ ਬੂਟਿਆਂ ਨੂੰ ਹਫਤੇ ਵਿਚ ਦੋ ਵਾਰੀ ਪਾਣੀ ਜ਼ਰੂਰ ਦਿਓ ਅਤੇ ਗਮਲਿਆਂ ਵਾਲੇ ਪੱਤੇਦਾਰ ਪੌਦਿਆਂ ਨੂੰ ਇਕੱਠੇ ਕਰਕੇ ਰੱਖੋ ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਿਚ ਲੱਗੇ ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿਓ ਤਾਂ ਜੋ ਮਿੱਟੀ ਵਿਚ ਨਮੀਂ ਬਣੀ ਰਹੇ । ਬਹੁਤਾ ਪਾਣੀ ਦੇਣ ਤੋਂ ਗੁਰੇਜ਼ ਕਰੋ । ਗਮਲਿਆਂ ਵਾਲੇ ਪੌਦਿਆਂ ਨੂੰ ਇਕੱਠੇ ਕਰਕੇ ਗਰੁੱਪ ਬਣਾ ਕੇ ਰੱਖੋ ਤਾਂ ਜੋ ਅਨੁਕੂਲ ਸੂਖਮ ਜਲਵਾਯੂ ਪ੍ਰਦਾਨ ਕੀਤਾ ਜਾ ਸਕੇ ।



**ਗੁਲਾਬ** : ਗਰਮੀ ਦੇ ਮੌਸਮ ਵਿਚ ਗੁਲਾਬ ਦੇ ਪੌਦਿਆਂ ਨੂੰ ਪਾਣੀ ਦੀ ਜ਼ਿਆਦਾ ਜਰੂਰਤ ਹੁੰਦੀ ਹੈ । ਪਰ ਫਿਰ ਵੀ ਬੂਟਿਆਂ ਨੂੰ ਜ਼ਿਆਦਾ ਪਾਣੀ ਦੇਣ ਤੋਂ ਗਰੇਜ਼ ਕਰੋ । ਸਮੇਂ-ਸਮੇਂ ਤੇ ਜੜ੍ਹੂੰਏ, ਬਿਮਾਰ ਅਤੇ ਸੁੱਕੀਆਂ ਟਾਹਣੀਆਂ ਨੂੰ ਕੱਟਦੇ ਰਹੋ । ਫੁੱਲ ਡੋਡੀ ਪੈਣ ਤੇ ਉਸ ਨੂੰ ਕੱਟਦੇ ਰਹੋ ।

## ਡੇਅਰੀ ਫਾਰਮਿੰਗ :

1. ਮੱਝਾਂ ਵਿੱਚ ਗਰਮੀ ਦੇ ਮਹੀਨਿਆਂ ਵਿੱਚ ਗੂੰਗੇ ਹੇਹੇ ਦੀ ਮੁਸ਼ਕਿਲ ਆ ਜਾਂਦੀ ਹੈ । ਸਵੇਰੇ-ਸਵੇਰੇ ਅਤੇ ਸ਼ਾਮ ਵੇਲੇ ਹੇਹੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ । ਜੇ ਮੱਝਾਂ ਤਾਰਾਂ ਕਰਦੀਆਂ ਹਨ ਤਾਂ ਇਹ ਹੇਹੇ ਦੀ ਨਿਸ਼ਾਨੀ ਹੈ । ਪਸ਼ੂਆਂ ਨੂੰ ਹੇਹੇ ਵਿਚ ਆਉਣ ਦੇ 10-12 ਘੰਟੇ ਬਾਅਦ ਗਰਭਦਾਨ ਕਰਵਾਓ ।



2. ਜੇ ਪਸ਼ੂਆਂ ਨੂੰ ਗਲ-ਘੋਟੂ ਅਤੇ ਪੱਟ-ਸੋਜ ਦੇ ਟੀਕੇ ਨਾ ਲਗਵਾਏ ਹੋਣ ਤਾਂ ਇਹ ਬਿਮਾਰੀਆਂ ਵੱਡਾ ਨੁਕਸਾਨ ਕਰ ਸਕਦੀਆਂ ਹਨ । ਸੋ ਜੇ ਟੀਕੇ ਪਹਿਲਾਂ ਨਹੀਂ ਲਵਾਏ ਤਾਂ ਲਵਾ ਲੈਣੇ ਚਾਹੀਦੇ ਹਨ ।

3. ਪਸ਼ੂਆਂ ਨੂੰ ਚਿੱਚੜਾਂ, ਜੂੰਆਂ, ਮੱਖੀਆਂ ਅਤੇ ਮਲ੍ਹੱਪਾਂ ਤੋਂ ਬਚਾਉਣਾ ਚਾਹੀਦਾ ਹੈ । ਸੋ, ਇਨ੍ਹਾਂ ਦੇ ਖ਼ਾਤਮੇ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ ।

4. ਇਸ ਮੌਸਮ ਵਿੱਚ ਪਸ਼ੂਆਂ ਨੂੰ ਹਵਾਦਾਰ ਸ਼ੈੱਡ ਅੰਦਰ ਰੱਖੋ । ਉਨ੍ਹਾਂ ਨੂੰ ਠੰਢਾ ਅਤੇ ਤਾਜ਼ਾ ਪਾਣੀ ਦਿਓ । ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖਣਾ ਚਾਹੀਦਾ ਹੈ । ਜੇ ਲੋੜ ਹੋਵੇ ਤਾਂ ਸ਼ੈੱਡ ਅੰਦਰ ਕੂਲਰ ਅਤੇ ਛੱਤ ਵਾਲੇ ਪੱਖੇ ਮੁਹੱਈਆ ਕਰਨੇ ਚਾਹੀਦੇ ਹਨ ਤਾਂ ਜੋ ਲੋੜੀਂਦਾ ਤਾਪਮਾਨ ਬਰਕਰਾਰ ਰੱਖਿਆ ਜਾ ਸਕੇ ।

5. ਜੇ ਗਰਮੀ ਨਾਲ ਪਸ਼ੂ ਦੀ ਨਕਸੀਰ ਫੁੱਟ ਜਾਵੇ ਤਾਂ ਉਸ ਦਾ ਸਿਰ ਉਪਰ ਚੁੱਕ ਕੇ ਬਰਫ ਵਾਲਾ ਠੰਢਾ ਪਾਣੀ ਸਿਰ ਉੱਪਰ ਪਾਉਣਾ ਚਾਹੀਦਾ ਹੈ । ਜੇ ਪਸ਼ੂਆਂ ਦਾ ਤਾਪ ਵੱਧਦਾ ਹੋਵੇ ਤਾਂ ਨੇੜੇ ਦੀ ਲੈਬਾਰਟਰੀ ਤੋਂ ਖੂਨ ਟੈਸਟ ਕਰਵਾਉਣਾ ਚਾਹੀਦਾ ਹੈ ।

6. ਪਸ਼ੂਆਂ ਨੂੰ ਖੁਰਾਕ ਠੰਡੇ ਵੇਲੇ, ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ।

7. ਜੇਕਰ ਪਸ਼ੂ ਨੂੰ ਬੁਖ਼ਾਰ ਜ਼ਿਆਦਾ ਹੈ ਤਾਂ ਡਾਕਟਰੀ ਸਲਾਹ ਨਾਲ ਵਧੀਆ ਲੈਬਾਰਟਰੀ ਤੋਂ ਖੂਨ ਦੀ ਜਾਂਚ ਕਰਵਾਓ ।

## ਮੁਰਗੀ ਪਾਲਣ :

1. ਪਾਣੀ ਦੀ ਵਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ । ਪਾਣੀ ਨੂੰ ਜ਼ਿਆਦਾ ਵਾਰ ਬਦਲਣਾ ਚਾਹੀਦਾ ਹੈ । ਤਾਂ ਜੋ ਮੁਰਗੀਆਂ ਨੂੰ ਠੰਢਾ ਪਾਣੀ ਮਿਲ ਸਕੇ ।

2. ਸ਼ੈੱਡ ਵਿਚ ਫੁਹਾਰੇ ਅਤੇ ਕੂਲਰ ਲਗਾਓ । ਸ਼ੈੱਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ ।

3. ਸ਼ੈੱਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ ।

4. ਖੁਰਾਕ ਵਿੱਚ ਪ੍ਰੋਟੀਨ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਣ ।

5. ਵੱਧ ਰਹੀਆਂ ਪੱਠਾਂ (6-10 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ ।



6. ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਉ ਤਾਂ ਜੋ ਸ਼ੈੱਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ ।

7. 6-8 ਹਫਤੇ ਦੀ ਉਮਰ 'ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ । ਇਹ ਦਵਾਈ ਪਾਣੀ ਜਾਂ ਲੱਸੀ ਵਿੱਚ ਨਹੀਂ ਪਿਲਾਉਣੀ ਚਾਹੀਦੀ । ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ ।

8. ਜੇ ਅੰਡਿਆਂ ਦੀ ਪੈਦਾਵਾਰ ਵਿੱਚ ਅਚਾਨਕ ਗਿਰਾਵਟ ਆ ਜਾਵੇ ਤਾਂ ਮੁਰਗੀਆਂ ਦੇ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ ।

9. ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਸਮੇਂ ਸਿਰ ਮਲ੍ਹੱਪ ਰਹਿਤ ਕਰੋ ।

10. ਮੁਰਗੀਆਂ ਨੂੰ ਖੁਰਾਕ ਠੰਡੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ । ਛੱਤ ਉੱਪਰ ਪਾਣੀ ਦੀ ਟੈਂਕੀ ਪੂਰੀ ਨਾ ਭਰੋ ।

11. ਪਾਣੀ ਵਿਚ 250 ਮਿਲੀਲਿਟਰ ਸਿਰਕਾ ਅਤੇ 120 ਮਿਲੀਲਿਟਰ ਸੈਨੀਟਾਈਜ਼ਰ 100 ਲਿਟਰ ਪਾਣੀ ਵਿਚ ਪਾਓ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਪਾਣੀ ਵਿਚ ਠੰਡਕ ਪੈਦਾ ਕੀਤੀ ਜਾ ਸਕੇ ।

## ਸ਼ਹਿਦ ਦੀਆਂ ਮੱਖੀਆਂ ਪਾਲਣਾ

ਇਸ ਮੌਸਮ ਵਿੱਚ ਸ਼ਹਿਦ ਦੀਆਂ ਮੱਖੀਆਂ ਨੂੰ ਗਰਮੀ ਤੋਂ ਬਚਾਉਣ ਲਈ ਕਟੁੰਬਾਂ ਨੂੰ ਸੰਘਣੀ ਛਾਂ ਵਿੱਚ ਰੱਖਣ ਦਾ ਪ੍ਰਬੰਧ ਕਰੋ । ਸੰਘਣੀ ਛਾਂ ਵਾਲੇ ਦਰੱਖਤਾਂ ਦੀ ਅਣਹੋਂਦ ਵਿਚ ਸ਼ੇਡ-ਨੈਟ ਆਦਿ ਨਾਲ ਛਾਂ ਦਾ ਪ੍ਰਬੰਧ ਕਰੋ । ਪਾਣੀ ਦੀ ਵਧੀ ਹੋਈ ਜ਼ਰੂਰਤ ਨੂੰ ਪੂਰਾ ਕਰਨ ਲਈ ਟਿਊਬਵੈੱਲ ਦੇ ਪਾਣੀ ਵਾਲੇ ਟੈਂਕ ਵਿੱਚ ਛੋਟੀਆਂ-ਛੋਟੀਆਂ ਟਹਿਣੀਆਂ ਜਾਂ ਫੱਟੀਆਂ ਦੇ ਟੁਕੜੇ ਸੁੱਟ ਦਿਉ, ਜਿਨ੍ਹਾਂ ਉੱਪਰ ਬੈਠ ਕੇ ਮੱਖੀਆਂ ਪਾਣੀ ਪੀ ਸਕਣ । ਪਾਣੀ ਦੀ ਜ਼ਰੂਰਤ ਕਲੋਨੀਆਂ ਹੇਠ ਰੱਖੇ ਸਟੈਂਡ ਦੇ ਪਾਵਿਆਂ ਹੇਠ ਪਾਣੀ ਦੇ ਠੂਲ੍ਹੇ ਰੱਖ ਕੇ ਵੀ ਪੂਰੀ ਕੀਤੀ ਜਾ ਸਕਦੀ ਹੈ । ਜਿਸ ਦਾ ਇੱਕ ਹੋਰ ਫਾਇਦਾ ਕਟੁੰਬਾਂ ਨੂੰ ਕੀੜਿਆਂ ਤੋਂ ਬਚਾਉਣਾ ਵੀ ਹੈ । ਕਟੁੰਬਾਂ ਨੂੰ ਹਵਾਦਾਰ ਬਨਾਉਣ ਲਈ ਹੇਠਲੇ ਫੱਟੇ ਅਤੇ ਬਰੂਡ ਚੈਂਬਰ ਦੇ ਵਿਚਕਾਰ ਜਾਂ ਬਰੂਡ ਚੈਂਬਰ ਅਤੇ ਸੁਪਰ ਚੈਂਬਰ ਵਿਚਕਾਰ ਪਤਲੇ ਪਤਲੇ ਡੱਕੇ ਰੱਖ ਕੇ ਝੀਥ ਬਣਾਈ ਜਾ ਸਕਦੀ ਹੈ, ਜਿਸ ਵਿੱਚੋਂ ਹਵਾ ਤਾਂ ਨਿਕਲ ਸਕੇ ਪ੍ਰੰਤੂ ਮੱਖੀ ਨਾ ਨਿਕਲ ਸਕੇ । ਬਰੂਡ ਚੈਂਬਰ ਨੂੰ ਬੋਟਮ ਬੋਰਡ ਤੋਂ ਥੋੜਾ ਹਿਲਾ ਕੇ ਅਤੇ ਇਸੇ ਤਰ੍ਹਾਂ ਸੁਪਰ ਚੈਂਬਰ ਨੂੰ ਬਰੂਡ ਤੋਂ ਥੋੜ੍ਹਾ ਹਿਲਾ ਕੇ ਵੀ ਕਟੁੰਬਾਂ ਨੂੰ ਹਵਾਦਾਰ ਬਣਾਉਣ ਲਈ ਬਰੀਕ ਮੱਖੀ-ਟਾਈਟ ਝੀਥ ਬਣਾਈ ਜਾ ਸਕਦੀ ਹੈ । ਅੰਦਰਲੇ ਢੱਕਣ ਦੇ ਵਿਚਕਾਰ ਹਵਾਦਾਰੀ ਵਾਲੇ ਛੇਕ ਤੇ ਫਿਰ ਕੀਤੀ ਜਾਣੀ ਬਿਲਕੁਲ ਸਾਫ ਰੱਖੋ । ਇਸ ਮੌਸਮ ਦੌਰਾਨ ਸੂਰਜਮੁਖੀ ਫਸਲ ਦਾ ਪੱਕਿਆ ਹੋਇਆ ਸ਼ਹਿਦ ਕਟੁੰਬਾਂ ਦੇ ਬਰੂਡ-ਰਹਿਤ ਛੱਤਿਆਂ ਵਿੱਚੋਂ ਤਰਜ਼ੀਹ ਦੇ ਤੌਰ ਤੇ ਸੁਪਰ ਚੈਂਬਰ ਵਿੱਚੋਂ ਕੱਢ ਲੈਣਾ ਚਾਹੀਦਾ ਹੈ । ਨੈਕਟਰ ਦੀ ਆਮਦ ਦੌਰਾਨ ਬਰੂਡ ਚੈਂਬਰ ਅਤੇ ਸੁਪਰ ਚੈਂਬਰ ਵਿਚਾਲੇ ਲੇਟਵੀਂ ਰਾਣੀ ਨਿਖੇੜੂ ਜਾਲੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ । ਰੌਬਿੰਗ (ਮੱਖੀਆਂ ਦੁਆਰਾ ਖੁਰਾਕ ਦੀ ਲੁੱਟ) ਦੀ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਅਤੇ ਬਾਅਦ ਵਿਚ ਸਾਰੇ ਸਬੰਧਤ ਲੋੜੀਂਦੇ ਇਹਤਿਆਤ ਵਰਤਣੇ ਚਾਹੀਦੇ ਹਨ ।



## ਖੁੰਬਾਂ ਦੀ ਕਾਸ਼ਤ



ਸਰਦ ਰੁੱਤ ਦੀਆਂ ਖੁੰਬਾਂ ਜਿਵੇਂ ਕਿ ਬਟਨ ਖੁੰਬ ਅਤੇ ਢੀਂਗਰੀ ਖੁੰਬ ਦੀ ਕਾਸ਼ਤ ਲਈ ਇਸ ਮਹੀਨੇ ਦੌਰਾਨ ਤਾਜ਼ੀ ਤੂੜੀ ਨੂੰ ਜਮ੍ਹਾ ਕਰੋ । ਬਟਨ ਅਤੇ ਮਿਲਕੀ ਖੁੰਬ ਦੀ ਕੇਸਿੰਗ ਮਿੱਟੀ ਬਣਾਉਣ ਲਈ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਖਾਦ ਨੂੰ ਸੁੱਕੀ ਥਾਂ 'ਤੇ ਜਮਾਂ ਕਰਕੇ ਰੱਖੋ । ਪਰਾਲੀ ਦੇ ਪੂਲਿਆਂ (1.5 ਕਿਲੋ) ਦੀ ਵਰਤੋਂ ਕਰਕੇ ਜੂਨ ਮਹੀਨੇ ਵਿਚ ਪਰਾਲੀ ਖੁੰਬ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਪਰਾਲੀ ਦੇ ਬੈੱਡਾਂ 'ਤੇ ਰੋਜ਼ਾਨਾ ਦੋ ਵਾਰ ਪਾਣੀ ਦਾ ਛਿੜਕਾਅ ਕਰੋ । ਇਸ ਤਰਾਂ ਫਸਲ ਤੁੜਾਈ ਇਕ ਮਹੀਨੇ ਤੱਕ ਜਾਰੀ ਰਹਿੰਦੀ ਹੈ ਮਿਲਕੀ ਖੁੰਬ ਦੇ ਲਿਫਾਫੇ ਜਿੰਨ੍ਹਾਂ ਵਿਚ ਰੇਸ਼ਾ ਪੂਰੀ ਤਰ੍ਹਾਂ ਫੈਲਿਆ ਹੋਵੇ, 1 ਇੰਚ ਮੋਟੀ ਕੇਸਿੰਗ ਮਿੱਟੀ (ਕੀਟਾਣੂੰ ਰਹਿਤ ਰੂੜੀ ਖਾਦ ਅਤੇ ਰੇਤਲੀ ਮਿਟੀ 4:1) ਦੀ ਪਰਤ ਵਿਛਾ ਦਿਉ । ਕੇਸਿੰਗ ਮਿੱਟੀ ਦੀ ਵਰਤੋਂ ਤੋਂ ਬਾਅਦ, ਰੋਜ਼ਾਨਾ ਲਿਫਾਫਿਆਂ ਨੂੰ ਪਾਣੀ ਦਿਉ ਅਤੇ ਕੇਸਿੰਗ ਕੀਤੇ ਲਿਫਾਫਿਆਂ ਵਿਚ 15-17 ਦਿਨਾਂ ਬਾਅਦ ਮਿਲਕੀ ਖੁੰਬ ਦੇ ਕਿਣਕੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ । ਇਸ ਤਰ੍ਹਾਂ ਮਿਲਕੀ ਖੁੰਬ ਦੀ ਫਸਲ ਦੀ ਤੁੜਾਈ 30-40 ਦਿਨਾਂ ਤੱਕ ਜਾਰੀ ਰਹਿੰਦੀ ਹੈ ।

# ਪਾਣੀ, ਪਿੰਡ ਤੇ ਜਵਾਨੀ ਨੂੰ ਕਿਵੇਂ ਬਚਾਇਆ ਜਾਵੇ?

ਗੁਰਚਰਨ ਸਿੰਘ ਨੂਰਪੁਰ
ਸੰਪਰਕ : 98550-51099

ਕਿਸੇ ਵੇਲੇ ਪੰਜਾਬ ਬਾਰੇ ਪੰਜਾਬੀ ਦੇ ਮਹਾਨ ਸ਼ਾਇਰ ਵਾਰਿਸ ਸ਼ਾਹ ਨੇ ਲਿਖਿਆ ਸੀ :

**ਚਿੜੀ ਚੂਕਦੀ ਨਾਲ ਉੱਠ ਤੁਰੇ ਪਾਂਧੀ,**
**ਪਈਆਂ ਦੁੱਧ ਦੇ ਵਿੱਚ ਮਧਾਣੀਆਂ ਨੀ ।**
**ਸੁਬਹ ਸਾਦਕ ਹੋਈ ਜਦੋਂ ਆਣ ਰੌਸ਼ਨ,**
**ਤਦੋਂ ਚਿੜੀਆਂ ਆਣ ਚਿਚਲਾਣੀਆਂ ਨੀ ।**
**ਇਕਨਾ ਉੱਠ ਕੇ ਰਿੜਕਣਾ ਪਾ ਦਿੱਤਾ,**
**ਇੱਕ ਧੋਂਦੀਆਂ ਫਿਰਨ ਮਧਾਣੀਆਂ ਨੀਂ ।**
**ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ,**
**ਸੀਆਂ ਭੋਏਂ ਨੂੰ ਜਿਹਨਾਂ ਨੇ ਲਾਣੀਆਂ ਨੀ ।**

ਅਜਿਹਾ ਉਤਸ਼ਾਹਜਨਕ ਦ੍ਰਿਸ਼ ਨਾ ਹੁਣ ਪੰਜਾਬ ਦੀ ਧਰਤੀ 'ਤੇ ਕਿਧਰੇ ਨਜ਼ਰੀਂ ਪੈਂਦਾ ਹੈ ਤੇ ਨਾ ਹੀ ਪੰਜਾਬੀਆਂ ਦੇ ਚਿਹਨ-ਚਿੱਤਰ ਵਿਚ ਅਜਿਹਾ ਕੋਈ ਦ੍ਰਿਸ਼ ਹੈ । ਵਿਵਸਥਾ ਨੂੰ ਚਲਾਉਣ ਵਾਲੀਆਂ ਧਿਰਾਂ ਕੋਲ ਪੰਜਾਬ ਦੇ ਭਵਿੱਖ ਲਈ ਨਾ ਕੱਲ੍ਹ ਕੋਈ ਪ੍ਰੋਗਰਾਮ ਸੀ ਤੇ ਨਾ ਅੱਜ ਕੋਈ ਅਜੇਹਾ ਪ੍ਰੋਗਰਾਮ ਹੈ ਜਿਸ ਨਾਲ ਇੱਥੇ ਸੁਨਹਿਰੀ ਭਵਿੱਖ ਦੀ ਆਸ ਬੱਝਦੀ ਹੋਵੇ । ਅਸੀਂ ਆਪਣੀ ਧਰਤੀ ਦੀਆਂ ਕੁਦਰਤੀ ਨਿਆਮਤਾਂ ਨੂੰ ਬਰਬਾਦ ਕਰ ਦਿੱਤਾ ਅੱਜ ਪੰਜਾਬ ਦੀ ਹਾਲਤ ਇਹ ਹੈ ਕਿ ਭੂ-ਜਲ ਕਮੇਟੀ ਦੀ 2019 ਦੀ ਰਿਪੋਰਟ ਅਨੁਸਾਰ ਸਾਡੇ ਕੋਲ ਭਵਿੱਖ ਵਿਚ ਧਰਤੀ ਹੇਠ ਤਿੰਨ ਪੱਤਣਾਂ ਦਾ ਸਿਰਫ 17 ਸਾਲਾਂ ਦਾ ਪਾਣੀ ਬਚਿਆ ਹੈ । ਹਰ ਸਾਲ ਪਾਣੀ ਡੂੰਘੇ ਤੋਂ ਹੋਰ ਡੂੰਘਾ ਹੋ ਰਿਹਾ ਹੈ । ਬੇਸ਼ੱਕ, ਸਾਨੂੰ ਪੰਜਾਬ ਵਿਚ ਹਰੀਆਂ ਫਸਲਾਂ ਲਹਿਰਾਉਂਦੀਆਂ ਨਜ਼ਰ ਆਉਂਦੀਆਂ ਹਨ, ਪਰ ਹਕੀਕਤ ਇਹ ਹੈ ਕਿ ਪੰਜਾਬ ਦੀ ਧਰਤੀ ਮਾਰੂਥਲ ਬਣਨ ਜਾ ਰਹੀ ਹੈ । ਝੋਨੇ ਕਣਕ ਦੇ ਫਸਲੀ ਚੱਕਰ ਅਤੇ ਸ਼ਹਿਰੀਕਰਨ ਦੀਆਂ ਹਰ ਦਿਨ ਵਧਦੀਆਂ ਪਾਣੀ ਦੀ ਲੋੜਾਂ ਨੇ ਪੰਜਾਬ ਨੂੰ ਪਾਣੀ ਦੇ ਭਿਆਨਕ ਕਾਲ ਦੀਆਂ ਬਰੂਹਾਂ 'ਤੇ ਲਿਆ ਕੇ ਖੜ੍ਹਾ ਦਿੱਤਾ ਹੈ । ਅਸੀਂ ਆਪਣੇ ਕੁਦਰਤੀ ਸਾਧਨਾਂ ਨੂੰ ਬਰਬਾਦ ਕਰ ਕੇ ਇਨ੍ਹਾਂ ਦਾ ਕੁਝ ਮੁੱਲ ਤਾਂ ਵੱਟ ਲਿਆ, ਪਰ ਕੁਦਰਤੀ ਸਾਧਨਾਂ ਤੋਂ ਵਾਂਝੇ ਹੋ ਗਏ ।

ਪੰਜਾਬ ਅੱਜ ਉਦਾਸ ਹੈ । ਇਹਦੇ ਜਵਾਨ ਪੁੱਤਰਾਂ ਧੀਆਂ ਨੇ ਹੁਣ ਹੋਰਨਾਂ ਧਰਤੀਆਂ ਦਾ ਰੁਖ ਕਰ ਲਿਆ ਹੈ । ਰੁਜ਼ਗਾਰ ਲਈ ਦੂਜੀਆਂ ਧਰਤੀਆਂ 'ਤੇ ਗਏ ਬੱਚਿਆਂ ਦੇ ਮਾਪੇ ਇੱਧਰ ਕਈ ਤਰ੍ਹਾਂ ਦੇ ਸੰਕਟਾਂ ਦੇ ਸ਼ਿਕਾਰ ਹਨ । ਜੜ੍ਹਾਂ ਤੋਂ ਟੁੱਟ ਜਾਣ ਦਾ ਦਰਦ ਸੰਤਾਪ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਪੈਦਾ ਕਰ ਰਿਹਾ ਹੈ । ਇਕ ਬਜ਼ੁਰਗ ਨੇ ਮਨ ਅੰਦਰਲੀ ਪੀੜ ਜ਼ਾਹਿਰ ਕਰਦਿਆਂ ਦੱਸਿਆ : ''ਹੁਣ ਤਾਂ ਉਹ ਜੰਮਣੇ ਮਰਨੇ 'ਤੇ ਵੀ ਜਾਣ ਆਉਣ ਤੋਂ ਗਏ । ਜਿਹੜੇ ਰਿਸ਼ਤਿਆਂ ਸਾਕਾਂ ਨੇ ਦੁੱਖ ਸੁੱਖ ਵੇਲੇ ਨਹੀਂ ਬਹੁੜਨਾ ਉਨ੍ਹਾਂ ਰਿਸ਼ਤਿਆਂ ਦਾ ਕੀ ਕਰੀਏ ?''

ਪੰਜਾਬ ਦੇ ਲਗਭਗ ਹਰ ਪਿੰਡ ਵਿਚ ਇਸ ਸਮੇਂ 15-20 ਉੱਚੀਆਂ ਕੋਠੀਆਂ ਉਸਰ ਗਈਆਂ ਹਨ । ਪਿੰਡ ਡੂੰਘੀ ਨਿਰਾਸ਼ਾ ਦਾ ਸ਼ਿਕਾਰ ਹਨ । ਪਿੰਡਾਂ ਦੀ ਕਿਸੇ ਨਾ ਕਿਸੇ ਗੁੱਠ 'ਤੇ ਚਿੱਟੇ ਦਾ ਗੈਰ-ਕਾਨੂੰਨੀ ਕਾਰੋਬਾਰ ਹੋ ਰਿਹਾ ਹੈ । ਸਾਡੇ ਨੌਜਵਾਨ ਸੂਬੇ ਵਿਚ ਨਸ਼ਿਆਂ ਦੀ ਦਲਦਲ ਵਿਚ ਡਿੱਗ ਡਿੱਗ ਕੇ ਮਰ ਰਹੇ ਹਨ । ਬੇਸ਼ਕ ਪੰਜਾਬ ਦੇ ਜਾਇਆਂ ਨੇ ਧੀਰਜ ਅਤੇ ਸ਼ਾਂਤੀ ਨਾਲ ਕਿਸਾਨ ਅੰਦੋਲਨ ਵਿਚ ਜਿੱਤ ਪ੍ਰਾਪਤ ਕਰਕੇ ਦੁਨੀਆਂ ਵਿਚ ਇਕ ਮਿਸਾਲ ਪੈਦਾ ਕੀਤੀ ਅਤੇ ਇਸ ਜਿੱਤ ਵਿਚ ਵੱਡੀ ਹਿੱਸੇਦਾਰੀ ਨੌਜਵਾਨਾਂ ਦੀ ਰਹੀ । ਪਰ ਦੂਜੇ ਪਾਸੇ ਪੰਜਾਬ ਦੀ ਧਰਤੀ ਦਾ ਸੱਚ ਇਹ ਵੀ ਹੈ ਕਿ ਇੱਥੇ ਨਸ਼ਿਆਂ ਦੇ ਪ੍ਰਕੋਪ ਨਾਲ ਅਨੇਕਾਂ ਘਰ ਬਰਬਾਦ ਹੋ ਗਏ ਹਨ । ਹਰ ਰੋਜ਼ ਪੰਜਾਬ ਵਿਚ ਨਸ਼ਿਆਂ ਦਾ ਲੱਖਾਂ ਦਾ ਨਹੀਂ, ਕਰੋੜਾਂ ਦਾ ਕਾਰੋਬਾਰ ਹੋ ਰਿਹਾ ਹੈ । ਪੰਜਾਬ ਦੀ ਰਾਜਸੀ ਵਿਵਸਥਾ ਨੂੰ ਚਲਾਉਣ ਵਾਲੀਆਂ ਧਿਰਾਂ ਨੇ ਪੰਜਾਬ ਦੀ ਜਵਾਨੀ ਨੂੰ ਆਹਰੇ ਲਾਉਣ ਦਾ ਫਿਕਰ ਹੀ ਵਿਸਾਰ ਛੱਡਿਆ ਹੈ । ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਪਾਵਰਕੌਮ ਗਰਮੀ ਦੇ ਮੌਸਮ ਵਿਚ ਵੱਖ-ਵੱਖ ਇਲਾਕਿਆਂ ਵਿਚ ਬਿਜਲੀ ਦੀਆਂ ਸ਼ਿਕਾਇਤਾਂ ਹੱਲ ਕਰਨ ਲਈ ਕੁਝ ਨੌਜਵਾਨਾਂ ਨੂੰ ਠੇਕੇ 'ਤੇ ਰੱਖਿਆ ਜਾਂਦਾ ਹੈ ਅਤੇ ਗਰਮੀ ਨਿਕਲਦਿਆਂ ਹੀ ਇਨ੍ਹਾਂ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ । ਉਨ੍ਹਾਂ ਨੇ ਦੱਸਿਆ ਕਿ ਸਿਆਲ ਵਿਚ ਕੰਮ ਤੋਂ ਵਿਹਲੇ ਹੋਏ ਇਨ੍ਹਾਂ ਨੌਜਵਾਨਾਂ 'ਚੋਂ ਕਈ ਬਿਜਲੀ ਦੀਆਂ ਕੇਬਲਾਂ ਚੋਰੀ ਕਰਨ ਅਤੇ ਟਰਾਂਸਫਾਰਮਾਂ 'ਚੋਂ ਤੇਲ ਚੋਰੀ ਕਰਨ ਵਰਗੇ ਜੁਰਮ ਕਰਨ ਦੇ ਰਾਹ ਪੈ ਜਾਂਦੇ ਹਨ । ਹਰ ਸਾਲ ਸਿਆਲ ਦੀ ਰੁੱਤੇ ਇਹ ਘਟਨਾਵਾਂ ਇਕਦਮ ਵਧ ਜਾਂਦੀਆਂ ਹਨ । ਇਸ ਦਾ ਭਾਵ ਇਹ ਹੈ ਕਿ ਸਾਡੀ ਨੁਕਸਦਾਰ ਵਿਵਸਥਾ ਦੀਆਂ ਚੋਰ-ਮੋਰੀਆਂ ਸਮਾਜ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰ ਰਹੀਆਂ ਹਨ । ਇਸ ਸਮੇਂ ਬੇਰੁਜ਼ਗਾਰੀ ਸਿਖਰਾਂ 'ਤੇ ਹੈ । ਦੇਸ਼ ਦੀ ਜਵਾਨੀ ਨੂੰ ਆਹਰੇ ਲਾਉਣ ਲਈ ਜਿਹੜੀਆਂ ਤਰਜੀਹਾਂ 'ਤੇ ਕੰਮ ਹੋਣਾ ਚਾਹੀਦਾ ਸੀ ਉਹ ਕਿਸੇ ਪਾਸੇ ਨਜ਼ਰ ਨਹੀਂ ਆ ਰਿਹਾ ।



ਸਾਡਾ ਧਰਤੀ ਹੇਠਲਾ ਪਾਣੀ ਤੇ ਦਰਿਆ ਇੰਨੇ ਪਲੀਤ ਹੋ ਗਏ ਹਨ ਕਿ ਇਹ ਬਿਮਾਰੀਆਂ ਦੇ ਵਾਹਕ ਬਣ ਗਏ ਹਨ । ਪੰਜਾਬ ਦੇ ਮਾਲਵੇ ਦਾ ਵੱਡਾ ਖੇਤਰ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦੀ ਗ੍ਰਿਫਤ ਵਿੱਚ ਹੈ । ਹਾਲਾਤ ਇਹ ਹਨ ਕਿ ਲੋਕਾਂ ਦੇ ਘਰ-ਬਾਰ ਤੇ ਜਾਇਦਾਦਾਂ ਬਿਮਾਰੀਆਂ ਕਰਕੇ ਵਿਕ ਰਹੇ ਹਨ । ਛੇ ਛੇ ਸੱਤ ਸੱਤ ਸਾਲ ਦੇ ਬੱਚਿਆਂ ਨੂੰ ਕੈਂਸਰ ਆਪਣੀ ਲਪੇਟ ਵਿਚ ਲੈ ਰਿਹਾ ਹੈ । ਇਸ ਦਾ ਮੁੱਖ ਕਾਰਨ ਜ਼ਹਿਰੀਲਾ ਪਾਣੀ, ਦੂਸ਼ਿਤ ਹਵਾ ਅਤੇ ਅੰਨ੍ਹੇਵਾਹ ਕੀਟਨਾਸ਼ਕਾਂ ਦੀ ਵਰਤੋਂ ਨਾਲ ਪੈਦਾ ਕੀਤਾ ਅਨਾਜ ਤੇ ਸਬਜ਼ੀਆਂ ਹਨ । ਮਨੁੱਖ ਦੀ ਕੁਦਰਤ ਵਿਰੋਧੀ ਲਾਲਚੀ ਮਨੋਬਿਰਤੀ ਦਾ ਕੋਈ ਪਾਰਾਵਾਰ ਨਹੀਂ । ਅਸੀਂ ਕੁਦਰਤੀ ਸਾਧਨਾਂ ਨੂੰ ਇੰਨਾ ਪਲੀਤ ਸਗੋਂ ਜ਼ਹਿਰੀਲਾ ਕਰ ਦਿੱਤਾ ਹੈ ਕਿ ਗਾਵਾਂ ਮੱਝਾਂ, ਕੁੱਕੜ ਕੁੱਕੜੀਆਂ, ਬੱਕਰੀਆਂ, ਭੇਡਾਂ ਅਤੇ ਕੁੱਤਿਆਂ ਨੂੰ ਵੀ ਕੈਂਸਰ ਵਰਗੀ ਭਿਆਨਕ ਬਿਮਾਰੀ ਆਪਣੀ ਲਪੇਟ ਵਿਚ ਲੈ ਰਹੀ ਹੈ । ਅੱਗੋਂ ਇਨ੍ਹਾਂ ਜਾਨਵਰਾਂ ਦਾ ਦੁੱਧ ਪੀਣ ਅਤੇ ਮਾਸ ਖਾਣ ਵਾਲਿਆਂ ਨੂੰ ਵੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਰਹੀਆਂ ਹਨ ।

ਪੰਜਾਬ ਨੂੰ ਬਚਾਉਣ ਲਈ ਜਵਾਨੀ ਲਈ ਰੁਜ਼ਗਾਰ ਦੇ ਵੱਡੇ ਪ੍ਰੋਗਰਾਮ ਬਣਾਉਣ ਦੀ ਲੋੜ ਹੈ ਅਤੇ ਪੰਜਾਬ ਦੇ ਪਿੰਡਾਂ ਤੇ ਪਾਣੀਆਂ ਨੂੰ ਬਚਾਉਣ ਲਈ ਵੱਡੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ । ਪੰਜਾਬ ਵਿਚ ਹਿਮਾਚਲ ਪ੍ਰਦੇਸ਼ ਵਾਂਗ ਰੁੱਖਾਂ ਦੀ ਕਟਾਈ 'ਤੇ ਰੋਕ ਲਾਈ ਜਾਵੇ । ਪਿੰਡਾਂ ਦੀ ਪੰਚਾਇਤੀ ਜ਼ਮੀਨਾਂ ਦੇ ਤੀਜੇ ਹਿੱਸੇ ਵਿੱਚ ਜੰਗਲ ਲਾਏ ਜਾਣ । ਰੁੱਖ ਧਰਤੀ ਦੇ ਰੋਮ ਹਨ ਅਤੇ ਛੋਟੀਆਂ ਵੱਡੀਆਂ ਨਦੀਆਂ ਇਸ ਦੀਆਂ ਨਾੜਾਂ । ਸਿਹਤਮੰਦ ਵਾਤਾਵਰਨ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਛੋਟੀਆਂ ਨਦੀਆਂ ਨੈਆਂ ਵੇਈਆਂ ਨੂੰ ਸੁਰਜੀਤ ਕੀਤਾ ਜਾਵੇ ਅਤੇ ਇਨ੍ਹਾਂ ਦੇ ਕੰਢਿਆਂ 'ਤੇ ਵੱਡੀ ਤਾਦਾਦ ਵਿਚ ਬੂਟੇ ਲਾਏ ਜਾਣ । ਦਰਿਆਵਾਂ ਵਿਚ ਪੈਂਦੇ ਗੰਦੇ ਪਾਣੀ ਨੂੰ ਸਖਤੀ ਨਾਲ ਰੋਕਿਆ ਜਾਵੇ ਅਤੇ ਇਸ ਸਬੰਧੀ ਬਣੇ ਕਾਨੂੰਨਾਂ ਨੂੰ ਲਾਗੂ ਕੀਤਾ ਜਾਵੇ । ਨਵੀਆਂ ਕਾਲੋਨੀਆਂ ਪਾਸ ਕਰਨ ਸਮੇਂ ਪਲਾਟਾਂ ਦੀ ਗਿਣਤੀ ਤੋਂ ਪੰਜ ਗੁਣਾਂ ਰੁੱਖਾਂ ਦੀ ਗਿਣਤੀ ਨੂੰ ਯਕੀਨੀ ਬਣਾਇਆ ਜਾਵੇ । ਘਰ ਦਾ ਨਕਸ਼ਾ ਪਾਸ ਕਰਨ ਲਈ ਇਕ ਰੁੱਖ ਦੇ ਹੋਣ ਦੀ ਸ਼ਰਤ ਲਾਜ਼ਮੀ ਕੀਤੀ ਜਾਵੇ । ਜੰਗਲਾਤ ਵਿਭਾਗ ਦੇ ਕਾਰਜਾਂ ਨੂੰ ਵਿਸਥਾਰ ਦਿੱਤਾ ਜਾਵੇ । ਬਲਾਕ ਪੱਧਰ 'ਤੇ ਇਸ ਲਈ ਕਮੇਟੀਆਂ ਦਾ ਗਠਨ ਕੀਤਾ ਜਾਵੇ ਜਿਸ ਵਿਚ ਵਾਤਾਵਰਨ ਪ੍ਰਤੀ ਫਿਕਰਮੰਦ ਤੇ ਸਰਗਰਮ ਲੋਕਾਂ ਨੂੰ ਸ਼ਾਮਿਲ ਕੀਤਾ ਜਾਵੇ । ਹਰੀਕੇ ਹੈੱਡ ਵਰਕਸ ਤੋਂ ਰਾਜਸਥਾਨ ਨੂੰ ਨਿਕਲਣ ਵਾਲੀਆਂ ਨਹਿਰਾਂ ਦੇ ਕੰਢਿਆਂ 'ਤੇ ਵਿਸ਼ਾਲ ਜੰਗਲ ਉਸਾਰਿਆ ਜਾ ਸਕਦਾ ਹੈ । ਇਸ ਲਈ ਵਿਸ਼ੇਸ਼ ਪ੍ਰੋਗਰਾਮ ਬਣਾ ਕੇ ਤੁਰੰਤ ਕੰਮ ਕੀਤਾ ਜਾਵੇ । ਦਰਿਆਵਾਂ ਦੇ ਕੰਢਿਆਂ ਤੋਂ ਗੈਰ-ਕਾਨੂੰਨੀ ਕਬਜ਼ੇ ਵਾਲੀਆਂ ਜ਼ਮੀਨਾਂ ਨੂੰ ਛੁਡਵਾਇਆ ਜਾਵੇ ਅਤੇ ਇਨ੍ਹਾਂ 'ਤੇ ਜੰਗਲ ਉਗਾਏ ਜਾਣ । ਮੀਂਹ ਦੇ ਪਾਣੀਆਂ ਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਉਣ ਲਈ ਵਿਸ਼ਾਲ ਛੱਪੜ ਤਲਾਬ ਬਣਾਏ ਜਾਣ । ਇਨ੍ਹਾਂ ਦੀ ਹਰ ਸਾਲ ਸਫਾਈ ਹੋਵੇ । ਇਹਦੇ ਨਾਲ ਨਾਲ ਵਾਟਰ ਰੀਚਾਰਜਿੰਗ ਪਲਾਂਟ ਬਣਾਏ ਜਾਣ ਤਾਂ ਕਿ ਮੀਂਹ ਦੇ ਪਾਣੀ ਨੂੰ ਖੇਤੀਬਾੜੀ ਤੋਂ ਇਲਾਵਾ ਹੋਰ ਲੋੜਾਂ ਲਈ ਵਰਤਿਆ ਜਾ ਸਕੇ । ਪੰਜਾਬੀਆਂ ਦੀ ਸਿਹਤ, ਪਾਣੀ ਅਤੇ ਪਿੰਡਾਂ ਨੂੰ ਬਚਾਉਣ ਲਈ ਅਪਣਾਈਆਂ ਇਹ ਨਵੀਆਂ ਤਰਜੀਹਾਂ ਭਵਿੱਖ ਵਿਚ ਸਾਡੇ ਲਈ ਸਾਰਥਕ ਸਿੱਧ ਹੋਣਗੀਆਂ ਅਤੇ ਇਨ੍ਹਾਂ 'ਤੇ ਕੰਮ ਕਰਨ ਨਾਲ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ । ਇਸ ਤੋਂ ਇਲਾਵਾ ਪਾਣੀ ਦੀ ਬੇਤਹਾਸ਼ਾ ਵਰਤੋਂ ਕਰਨ ਵਾਲੀਆਂ ਫੈਕਟਰੀਆਂ ਜਿਵੇਂ ਸ਼ਰਾਬ ਫੈਕਟਰੀ ਜਾਂ ਚਮੜਾ ਰੰਗਣ ਵਾਲੀਆਂ ਫੈਕਟਰੀਆਂ ਨੂੰ ਪੰਜਾਬ ਵਿਚ ਲਾਉਣ ਦੀ ਮਨਜ਼ੂਰੀ ਦੇਣ 'ਤੇ ਪਾਬੰਦੀ ਪੂਰਨ ਲਾਈ ਜਾਵੇ । ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬੀਜਣ ਨੂੰ ਉਤਸ਼ਾਹਿਤ ਕੀਤਾ ਜਾਵੇ । ਕਣਕ ਝੋਨੇ ਤੋਂ ਇਲਾਵਾ ਹੋਰ ਫਸਲਾਂ 'ਤੇ ਸਮਰਥਨ ਮੁੱਲ ਦੀ ਗਾਰੰਟੀ ਦਿੱਤੀ ਜਾਵੇ ਤਾਂ ਕਿ ਪੰਜਾਬ ਕਣਕ ਝੋਨੇ ਦੇ ਚੱਕਰ ਤੋਂ ਬਾਹਰ ਆ ਸਕੇ । ਸ਼ਹਿਰਾਂ ਵਿਚ ਹਰ ਘਰ ਵਿਚ ਪਾਣੀ ਸਪਲਾਈ ਦੇ ਮੀਟਰ ਲਗਾਏ ਜਾਣ ਅਤੇ ਨਿਰਧਾਰਤ ਮਾਤਰਾ ਤੋਂ ਵੱਧ ਪਾਣੀ ਦੀ ਵਰਤੋਂ ਦੇ ਪੈਸੇ ਵਸੂਲਣ ਦਾ ਨਿਯਮ ਬਣਾਇਆ ਜਾਵੇ । ਪੂਰੇ ਪੰਜਾਬ ਵਿਚ ਝੋਨੇ ਨੂੰ ਵੱਟਾਂ ਬਣਾ ਕੇ ਬਿਨਾਂ ਕੱਦੂ ਕੀਤੇ ਲਾਉਣਾ ਯਕੀਨੀ ਬਣਾਇਆ ਜਾਵੇ । ਜੇਕਰ ਅੱਜ ਪੰਜਾਬੀ ਹੱਸਦੇ ਵਸਦੇ ਪੰਜਾਬ ਦੀ ਸਿਰਜਣਾ ਲਈ ਯਤਨਸ਼ੀਲ ਨਾ ਹੋਏ ਤਾ ਕੱਲ੍ਹ ਬੜੀ ਦੇਰ ਹੋ ਜਾਵੇਗੀ । ਹੋ ਸਕਦਾ ਹੈ ਕਿ ਭਵਿੱਖ ਵਿਚ ਸਾਡੇ ਪੱਲੇ ਕੁਝ ਪੈਸੇ ਜਾਂ ਕੁਝ ਵਸਤਾਂ ਤਾਂ ਹੋਣ, ਪਰ ਸਾਡੇ ਪੈਰਾਂ ਹੇਠ ਜ਼ਮੀਨ ਨਹੀਂ ਹੋਵੇਗੀ ।

# ਸਿਆਣਿਆਂ ਗੱਲ ਕਹੀ ਕਹਾਈ ਵਾਹੀ ਪਾਤਸ਼ਾਹੀ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਇਤਿਹਾਸ ਵਿਚ ਖੇਤੀ ਕਰਨਾ ਸਭ ਤੋਂ ਉੱਤਮ ਕਿੱਤਾ ਗਿਣਿਆ ਜਾਂਦਾ ਹੈ । ਸਖਤ ਮੇਹਨਤ ਕਰਨ ਤੇ ਪਰਿਵਾਰ ਦੇ ਜੀਆਂ ਦਾ ਪੇਟ ਪਾਲਿਆ ਜਾਂਦਾ ਹੈ । ਵਾਹੀ ਕਰਨ ਜਾਂ ਖੇਤੀ ਕਰਨਾ ਪਾਤਸ਼ਾਹੀ ਦੇ ਤੁੱਲ ਸਮਝਿਆ ਜਾਂਦਾ । ਕਹਿਣੀ ਤਾਂ ਗੱਲ ਇਹ ਬਹੁਤ ਸੌਖੀ ਹੈ । ਪਰ ਖੇਤੀ ਕਰਨੀ ਖਤਰਿਆਂ ਭਰੀ ਹੈ । ਪਹਿਲਾ ਪਾਤਸ਼ਾਹੀ ਬਾਰੇ ਵਿਸਲੇਸ਼ਣ ਕਰੀਏ ਪਾਤਸ਼ਾਹੀ ਬੋਲਣ ਸੁਣਨ ਤੋਂ ਮਲੂਮ ਹੁੰਦਾ ਹੈ । ਰਜੇ ਮਹਾਰਾਜਿਆਂ ਬਾਰੇ ਗੱਲਾਂ ਕੀਤੀਆਂ ਜਾਂਦੀਆਂ ਹਨ । ਸਾਰੀਆਂ ਸਹੂਲਤਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ । ਪਾਤਸ਼ਾਹ ਰਾਜੇ ਨੂੰ ਆਖਿਆ ਜਾਂਦਾ ਹੈ । ਜਿਸ ਦੀ ਜ਼ਬਾਨ ਵਿਚੋਂ ਨਿਕਲਿਆ ਸ਼ਬਦ ਇਕ ਕਾਨੂੰਨ ਬਣ ਜਾਂਦਾ ਸੀ । ਉਹ ਕਿਸੇ ਅਧੀਨ ਨਹੀਂ ਹੁੰਦਾ ਨਾ ਕਿਸੇ ਦੀ ਅਧੀਨਗੀ ਪ੍ਰਵਾਨ ਕਰਦਾ ਹੈ ਅਤੇ ਸ਼ਕਤੀਸ਼ਾਲੀ ਹੁੰਦਾ ਹੈ । ਉਸਨੂੰ ਕਿਸੇ ਚੀਜ਼ ਦੀ ਚਿੰਤਾ ਨਹੀਂ ਹੁੰਦੀ ਅਤੇ ਹਰ ਥਾਈਂ ਸਨਮਾਨ ਹੁੰਦਾ ਹੈ । ਪਰਜਾ ਦੀ ਰਾਖੀ ਤੇ ਜਨਤਾ ਦੀ ਭਲਾਈ ਕਰਨੀ ਉਸਦਾ ਮੁੱਢਲਾ ਫਰਜ ਹੁੰਦਾ ਹੈ । ਪਰਜਾ ਨੂੰ ਭੁੱਖ ਤੇਹ ਤੇ ਉਹ ਹਰ ਪਾਸਿਉਂ ਸਹਾਇਤਾ ਕਰਦਾ ਹੈ । ਜਨਤਾ ਨੂੰ ਅਨਾਜ ਵੀ ਦੇਂਦਾ ਹੈ । ਕਾਲ ਪੈਣ ਤੇ ਪਰਜਾ ਦਾ ਵਾਲੀਵਾਰਸ ਹੁੰਦਾ ਹੈ ।

ਪਰ ਵੇਖਿਆ ਜਾਵੇ ਕਿਸਾਨੀ ਦਾ ਕੰਮ ਪਾਤਸ਼ਾਹੀ ਵਰਗਾ ਲੱਗਦਾ ਹੈ । ਕਿਸਾਨ ਨੂੰ ਖੇਤਾਂ ਦਾ ਰਾਜਾ ਵੀ ਆਖਦੇ ਹਨ । ਰਾਜਿਆਂ ਕੋਲ ਧਰਤੀ ਦੇ ਨਾਲ ਪਰਜਾ ਹੁੰਦੀ ਹੈ । ਧਰਮੀ ਰਾਜੇ ਜਨਤਾ ਦੀ ਭਲਾਈ ਬਾਰੇ ਸੋਚਦੇ ਹਨ । ਕਿਸਾਨ ਕੋਲ ਧਰਤੀ ਦੀ ਮਾਲਕੀ ਹੁੰਦੀ ਅਤੇ ਪਰਵਾਰ ਪਸ਼ੂ ਤੇ ਹੋਰ ਜਾਨਵਰ ਹੁੰਦੇ ਹਨ । ਸਾਰਿਆਂ ਦੀ ਭਲਾਈ ਕਰਦਾ ਹੈ । ਕਿਸੇ ਨੂੰ ਭੁੱਖਾ ਮਰਦਾ ਵੇਖ ਕੇ ਜਰਦਾ ਨਹੀਂ ਸਭ ਨੂੰ ਰੋਟੀ ਦੇਣ ਲਈ ਮੇਹਨਤ ਕਰਦਾ ਹੈ । ਵੰਡ ਕੇ ਖਾਣ ਦਾ ਆਦੀ ਹੁੰਦਾ ਹੈ । ਰਾਹੀਆਂ, ਪੰਛੀਆਂ, ਜਨੌਰਾਂ, ਚਿੜੀਆਂ ਨੂੰ ਸਭ ਨੂੰ ਬਣਦਾ ਹਿੱਸਾ ਦੇਂਦਾ ਹੈ । ਸਮੇਂ ਸਿਰ ਰੋਟੀ ਪ੍ਰਲਭਤ ਹਰ ਇਕ ਕਰਾਉਂਦਾ ਹੈ । ਸ਼ਾਇਦ ਰਾਜਾ ਆਪਣੀ ਜਨਤਾ ਦਾ ਇਤਨਾ ਖਿਆਲ ਨਾ ਰੱਖਦਾ ਹੋਵੇ । ਆਪਣੀ ਜ਼ਮੀਨ ਵਿਚ ਜਿਹੜੀ ਮਰਜ਼ੀ ਫਸਲ ਬੀਜ ਸਕਦਾ ਹੈ । ਉਸਨੂੰ ਕਿਸੇ ਦਾ ਡਰ ਨਹੀਂ ਹੈ ਨਾ ਕਿਸੇ ਨੂੰ ਪੁੱਛਣ ਦੀ ਜਰੂਰਤ ਹੁੰਦੀ ਹੈ । ਕੰਮ ਕਰਨਾ ਜਾਂ ਨਾ ਕਰਨਾ ਉਸਦੀ ਮਰਜ਼ੀ ਹੁੰਦੀ ਹੈ । ਪੂਰੀ ਆਜ਼ਾਦੀ ਹੁੰਦੀ ਹੈ । ਉਸਦੇ ਸਿਰ ਤੇ ਡੰਡਾ ਨਹੀਂ ਹੁੰਦਾ । ਭੁੱਖਾ ਕਰੇ ਤਿਹਾਇਆ ਕਰੇ । ਭਾਵੇਂ ਕਿਸੇ ਮਜ਼ਦੂਰ ਤੋਂ ਕਰਾਵੇ, ਭਾਵੇਂ ਆਪ ਕਰੇ । ਪਰ ਅੱਜ ਕਿਸਾਨ ਦਾ ਪੁੱਤ ਆਪਣੇ ਪਿਤਾ ਪੁਰਖੀ ਧੰਦੇ ਨੂੰ ਕਰਨ ਲਈ ਤਰਜੀਹ ਨਹੀਂ ਦੇਂਦਾ ਸਗੋਂ ਇਹ ਕੰਮ ਕਰਨੀ ਦੀ ਬਚਪਨ ਤੋਂ ਹੀ ਗੁੜਤੀ ਮਿਲੀ ਹੁੰਦੀ ਹੈ । ਪੁਰਾਣੇ ਸਮਿਆਂ ਵਿਚ ਕਿਹਾ ਜਾਂਦਾ ਸੀ । ''ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਨਦਾਰ,'' ਖੇਤੀ ਦਾ ਕੰਮ ਸਭ ਵਧੀਆ ਕਰਨ ਲਈ ਅੱਗੇ ਰੱਖਿਆ ਜਾਂਦਾ ਸੀ । ਅੰਗਰੇਜਾਂ ਦੇ ਵੇਲਿਆਂ ਵਿਚ ਫੌਜ ਵਿਚ ਭਰਤੀ ਕਰ ਲਿਆ ਜਾਂਦਾ ਸੀ । ਅੱਜ ਦੇ ਸਮੇਂ ਭਰਤੀ ਹੋਣ ਲਈ ਲੜਕੇ ਭਰਤੀ ਦਫਤਰਾਂ ਦੇ ਚੱਕਰ ਲਾਉਂਦੇ ਹਨ । ਉਸ ਸਮੇਂ ਅਜਿਹਾ ਨਹੀਂ ਸੀ । ਕੁੜੀਆਂ ਦੇ ਗੀਤਾਂ ਤੋਂ ਸਮਾਜ ਦੀ ਹਾਲਤ ਦਾ ਇਲਮ ਹੁੰਦਾ ਹੈ ਤੇ ਗੀਤਾਂ ਵਿਚ ਆਖਦੀਆਂ ਹਨ ਕਿ ''ਡੂੰਘਾ ਲਾ ਲੈ ਹੱਲ ਵੇ, ਤੇਰੀ ਘਰੇ ਨੌਕਰੀ'' । ਉਹਨਾਂ ਵੇਲਿਆਂ ਵਰ੍ਹੇ ਛਿਮਾਹੀ ਚਿੱਠੀ ਆਉਂਦੀ ਸੀ, ਕਿਉਕਿ ਫੌਜੀ ਵੀ ਅਨਪੜ੍ਹ ਹੁੰਦੇ ਤਾਂ ਚਿੱਠੀ ਉਹਨਾਂ ਨੂੰ ਕਿਸੇ ਤੋਂ ਲਿਖਵਾਉਣੀ ਪੈਂਦੀ ਸੀ ।

ਇਹ ਗੱਲ ਤਾਂ ਬਿਲਕੁੱਲ ਠੀਕ ਹੈ ਕਿ ਕਿਸਾਨ ਖੇਤੀ ਧੰਦੇ ਵਿਚ ਅਜ਼ਾਦ ਹੈ । ਪਰ ਪਿਛਲੇ ਜ਼ਮਾਨੇ ਵਿਚ ਵੀ ਖੇਤੀ ਵੀ ਧੋਖਾ ਦੇ ਜਾਇਆ ਕਰਦੀ ਸੀ । ਕਿਸਾਨ ਮੇਹਨਤ ਕਰਦਾ ਰਹਿ ਜਾਂਦਾ ਤਾਂ ਕੋਈ ਕੁਦਰਤੀ ਭਾਣਾ ਵਰਤ ਜਾਂਦਾ ਸੀ । ਸਾਰੀ ਫਸਲ ਤਹਿਸ ਨਹਿਸ ਹੋ ਜਾਂਦੀ ਸੀ । ਜੇਹੜੇ ਦਾਣੇ ਹੁੰਦੇ ਸਨ ਛੇ ਮਹੀਨੇ ਮਸਾ ਲੰਘਦੇ ਸਨ । ਮਾਰੂ ਜ਼ਮੀਨਾਂ ਹੁੰਦੀਆਂ ਸਨ । ਇਸ ਕਿਸਮ ਦੀ ਸਥਿਤੀ ਵਿਚ ਬਾਦਸ਼ਾਹੀ ਮਿੱਟੀ ਵਿਚ ਰੁੱਲ ਜਾਂਦੀ ਸੀ । ਸਭ ਕੁੱਝ ਹੁੰਦਿਆਂ ਜ਼ਮੀਨਾਂ ਵਾਲੇ ਕਿਸਾਨ ਮੰਗਤੇ ਬਣ ਜਾਂਦੇ ਸਨ । ਗੁਜ਼ਾਰਾ ਕਰਨਾ ਮੁਸ਼ਕਲ ਹੋ ਜਾਂਦਾ ਸੀ । ਪਰ ਅੱਜ ਦੀ ਵਾਹੀ ਤਾਂ ਫਾਹੀ ਵਾਲੀ ਬਾਤ ਬਣਦੀ ਜਾ ਰਹੀ ਹੈ ਅਤੇ ਪਾਤਸ਼ਾਹੀ ਤਾਂ ਨੰਗੀ ਹੋ ਰਹੀ ਹੈ । ਬਰਬਾਦੀ ਵੱਲ ਕਦਮ ਪੁੱਟੇ ਜਾ ਰਹੇ ਹਨ । ਖੇਤੀ ਦੇ ਖਰਚੇ ਹੱਦੋਂ ਵੱਧ ਰਹੇ ਹਨ । ਪੱਲੇ ਕੁਝ ਨਹੀਂ ਪੈ ਰਿਹਾ ਹੈ । ਕਰਜ਼ਾ ਸਿਰ ਚੜ੍ਹ ਰਿਹਾ ਹੈ । ਕਿਹਾ ਹੈ ''ਖੇਤੀ ਕਰਮਾਂ ਸੇਤੀ'' ।

ਅੱਜ ਵਾਹੀ ਪਾਤਸ਼ਾਹੀ ਕੰਗਾਲ ਬਣਕੇ ਰਹਿ ਗਈ ਹੈ । ਹੁਣ ਉਹ ਕਿਸਾਨ ਕੀ ਕਰੇਗਾ ਜਿਸਨੇ ਬੈਂਕ ਤੋਂ ਕਰਜ਼ਾ ਅਤੇ ਆੜਤੀਏ ਤੋਂ ਕਰਜ਼ਾ ਲੈ ਕੇ ਫਸਲ ਪਾਲੀ । ਫਸਲ ਜੰਮੀ ਫਿਰ ਵੀ ਫਾਹੀ ਗਲ ਪੈ ਗਈ । ਖੇਤੀ ਕਰਨ ਵਾਲੇ ਕਿਸਾਨ ਕੋਲ ਸਿਰ ਆਪਣੇ ਸਿਰ ਆਪਣੇ ਦਿਲ ਦੀ ਪਾਤਸ਼ਾਹੀ ਹੁੰਦੀ ਹੈ । ਉਸ ਦਾ ਦਿਲ ਵਿਸ਼ਾਲ ਹੁੰਦਾ ਹੈ ਅਤੇ ਹਰ ਦੁੱਖ ਸੁੱਖ ਨੂੰ ਸਹਿਣ ਲਈ ਤਿਆਰ ਹੈ । ਕਿਸਾਨ ਦਾ ਤਾਂ ਰੱਬ ਹੀ ਰਾਖਾ ਹੈ । ਦਿਲ ਦਾ ਬਾਦਸ਼ਾਹ ਸਿਰਫ ਕਿਸਾਨ ਹੀ ਹੈ ।

# ਮੱਕੀ ’ਤੇ ਫਾਲ ਆਰਮੀਵਰਮ ਦੀ ਸਰਵਪੱਖੀ ਰੋਕਥਾਮ

ਜਵਾਲਾ ਜਿੰਦਲ, ਹਰਪ੍ਰੀਤ ਕੌਰ ਚੀਮਾ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਅਤੇ ਨਵੀਨ ਅਗਰਵਾਲ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

**ਪੰਜਾਬ ਵਿੱਚ ਇਹ ਕੀੜਾ ਮੱਕੀ ਉੱਪਰ ਮਾਰਚ ਤੋਂ ਨਵੰਬਰ ਤੱਕ ਮਿਲਦਾ ਹੈ ਪਰ ਜੁਲਾਈ ਤੋਂ**



**ਸਤੰਬਰ ਦੌਰਾਨ ਇਸ ਦਾ ਹਮਲਾ ਵਧੇਰੇ ਹੁੰਦਾ ਹੈ । ਦਸੰਬਰ ਅਤੇ ਜਨਵਰੀ ਦੀ ਠੰਢ ਵਿੱਚ ਇਹ ਕੀੜਾ ਲਗਭਗ ਖ਼ਤਮ ਹੋ ਜਾਂਦਾ ਹੈ । ਪਿਛਲੇ ਸਾਲ ਦੌਰਾਨ ਇਹ ਦੇਖਣ ਵਿੱਚ ਆਇਆ ਹੈ ਕਿ ਗ਼ੈਰ-ਸਿਫ਼ਾਰਿਸ਼ ਕੀਟਨਾਸ਼ਕਾਂ ਦੀ ਵਰਤੋਂ ਅਤੇ ਛਿੜਕਾਅ ਦੇ ਗ਼ਲਤ ਢੰਗ ਕਾਰਨ ਕਈ ਥਾਵਾਂ ਉੱਤੇ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ ।**

ਫਾਲ ਆਰਮੀਵਰਮ ਮਈ 2018 ਵਿੱਚ ਭਾਰਤ ਪਹੁੰਚਣ ਤੋਂ ਬਾਅਦ ਲਗਾਤਾਰ ਮੱਕੀ ਦੀ ਫ਼ਸਲ ਉੱਤੇ ਨੁਕਸਾਨ ਕਰ ਰਿਹਾ ਹੈ । ਪੰਜਾਬ ਵਿੱਚ ਇਹ ਕੀੜਾ ਮੱਕੀ ਉੱਪਰ ਮਾਰਚ ਤੋਂ ਨਵੰਬਰ ਤੱਕ ਮਿਲਦਾ ਹੈ ਪਰ ਜੁਲਾਈ ਤੋਂ ਸਤੰਬਰ ਦੌਰਾਨ ਇਸ ਦਾ ਹਮਲਾ ਵਧੇਰੇ ਹੁੰਦਾ ਹੈ । ਦਸੰਬਰ ਅਤੇ ਜਨਵਰੀ ਦੀ ਠੰਢ ਵਿੱਚ ਇਹ ਕੀੜਾ ਲਗਭਗ ਖ਼ਤਮ ਹੋ ਜਾਂਦਾ ਹੈ । ਪਿਛਲੇ ਸਾਲ ਦੌਰਾਨ ਇਹ ਦੇਖਣ ਵਿੱਚ ਆਇਆ ਹੈ ਕਿ ਗੈਰ-ਸਿਫ਼ਰਿਸ਼ ਕੀਟਨਾਸ਼ਕਾਂ ਦੀ ਵਰਤੋਂ ਅਤੇ ਛਿੜਕਾਅ ਦੇ ਗਲਤ ਢੰਗ ਕਾਰਨ ਕਈ ਥਾਵਾਂ ਉੱਤੇ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ । ਇਸ ਕੀੜੇ ਦੀ ਜ਼ਿਆਦਾ ਵਧਣ-ਫੁੱਲਣ ਦੀ ਸਮਰੱਥਾ ਕਾਰਨ ਇਹ ਦੇਖਿਆ ਗਿਆ ਹੈ ਕਿ ਜੇ ਪਿੰਡ ਵਿੱਚੋਂ ਕਿਸੇ ਇੱਕ ਖੇਤ ਵਿੱਚ ਵੀ ਰੋਕਥਾਮ ਨਹੀਂ ਹੁੰਦੀ ਤਾਂ ਇਹ ਕੀੜਾ ਬਾਕੀ ਦੇ ਖੇਤਾਂ ਵਿੰਚ ਵੀ ਬਹੁਤ ਜਲਦ ਦੁਬਾਰਾ ਹਮਲਾ ਕਰ ਦਿੰਦਾ ਹੈ । ਇਸ ਕਾਰਨ ਰੋਕਥਾਮ ਲਈ ਵਾਰ-ਵਾਰ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਪੈ ਜਾਂਦਾ ਹੈ । ਇਸ ਕੀੜੇ ਦੀ ਸਫ਼ਲ ਰੋਕਥਾਮ ਲਈ ਮੱਕੀ ਉਗਾਉਣ ਵਾਲੇ ਜ਼ਿਲ੍ਹਿਆਂ ਵਿੱਚ ਵਿਆਪਕ ਪੱਧਰ ਉੱਤੇ ਮੁਹਿੰਮ ਚਲਾਈ ਜਾ ਰਹੀ ਹੈ । ਸਰਵਪੱਖੀ ਰੋਕਥਾਮ ਦੇ ਤਰੀਕੇ ਜਿਵੇਂ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਨਾ ਅਤੇ ਮਿੱਟੀ ਤੇ ਕੀਟਨਾਸ਼ਕ ਦੇ ਮਿਸ਼ਰਨ ਨੂੰ ਹਮਲੇ ਵਾਲਿਆਂ ਗੋਭਾਂ ਵਿੱਚ ਪਾਉਣ ਨਾਲ ਕੀਟਨਾਸ਼ਕਾਂ ਦਾ ਖ਼ਰਚਾ ਘੱਟ ਸਕਦਾ ਹੈ ।

## ਕੀੜੇ ਦੀ ਪਛਾਣ, ਜੀਵਨ ਚੱਕਰ ਅਤੇ ਰੋਕਥਾਮ :

**ਪਛਾਣ** : ਫਾਲ ਆਰਮੀਵਰਮ ਦੀਆਂ ਸੁੰਡੀਆਂ ਹਰੇ ਤੋਂ ਹਲਕੇ ਭੂਰੇ ਜਾਂ ਸੁਰਮਈ ਰੰਗ ਦੀਆਂ ਹੁੰਦੀਆਂ ਹਨ । ਸੁੰਡੀ ਦੀ ਪਛਾਣ ਪਿਛਲੇ ਸਿਰੇ ਵੱਲ ਚੌਰਸ ਆਕਾਰ ਵਿੱਚ ਬਣੇ ਚਾਰ ਬਿੰਦੂਆਂ ਅਤੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ ‘Y’ ਦੇ ਪੁੱਠੇ ਨਿਸ਼ਾਨ ਤੋਂ ਹੋ ਜਾਂਦੀ ਹੈ । ਇਸ ਦਾ ਪਿਊਪਾ ਲਾਲ ਭੂਰੇ ਰੰਗ ਦਾ ਹੁੰਦਾ ਹੈ ਅਤੇ ਆਮ ਤੌਰ ਉੱਤੇ ਜ਼ਮੀਨ ਅੰਦਰ ਰਹਿੰਦਾ ਹੈ ।

**ਜੀਵਨ ਚੱਕਰ** : ਇਸ ਕੀੜੇ ਦੇ ਜੀਵਨ ਚੱਕਰ ਦੀ ਜਾਣਕਾਰੀ ਇਸ ਦੇ ਵਾਧੇ ਅਤੇ ਫ਼ੈਲਾਅ ਨੂੰ ਸਮਝਣ ਵਿੱਚ ਸਹਾਈ ਹੁੰਦੀ ਹੈ । ਇਹ ਕੀੜੇ ਦੀ ਮਾਦਾ ਪਤੰਗਾ 1500 ਅੰਡੇ ਦੇ ਸਕਦੀ ਹੈ ਅਤੇ 500 ਕਿਲੋਮੀਟਰ ਤੱਕ ਉੱਡ ਸਕਦੀ ਹੈ । ਇਸ ਕਰਕੇ ਫਾਲ ਆਰਮੀਵਰਮ ਇੱਕ ਪੀੜ੍ਹੀ ਵਿੱਚ ਹੀ ਵੱਡੇ ਖੇਤਰ ਵਿੱਚ ਫੈਲ ਸਕਦਾ ਹੈ । ਅੰਡੇ ਝੁੰਡਾਂ ਦੇ ਰੂਪ ਵਿੱਚ (100-150 ਅੰਡੇ ਪ੍ਰਤੀ ਝੁੰਡ) ਪੱਤੇ ਦੀ ਉਪਰਲੇ (ਆਮ ਤੌਰ ’ਤੇ) ਜਾਂ ਹੇਠਲੇ ਪਾਸੇ ਦਿੱਤੇ ਹੁੰਦੇ ਹਨ । ਆਂਡਿਆਂ ਵਿੱਚੋਂ ਸੁੰਡੀਆਂ 4 ਤੋਂ 6 ਦਿਨਾਂ ਵਿੱਚ ਨਿਕਲ ਆਉਂਦੀਆਂ ਹਨ । ਅਨੁਕੂਲ ਹਾਲਤਾਂ ਵਿੱਚ ਸੁੰਡੀ 14 ਤੋਂ 20 ਦਿਨਾਂ ਤੱਕ ਪਲਦੀ ਹੈ । ਇਸ ਤੋਂ ਬਾਅਦ ਕੋਆ (ਪਿਊਪਾ) ਬਣਦਾ ਹੈ ਜੋ 8 ਤੋਂ 10 ਦਿਨਾਂ ਵਿੱਚ ਬਾਲਗ ਕੀੜਾ (ਪਤੰਗਾ) ਬਣ ਜਾਂਦਾ ਹੈ । ਬਾਲਗ ਕੀੜਾ 4 ਤੋਂ 6 ਦਿਨ ਜਿਉਂਦਾ ਰਹਿੰਦਾ ਹੈ । ਪੰਜਾਬ ਵਿੱਚ ਇਹ ਕੀੜਾ ਕਈ ਪੀੜ੍ਹੀਆਂ ਪੂਰੀਆਂ ਕਰਦਾ ਹੈ ।



**ਮੱਕੀ ਤੇ ਨੁਕਸਾਨ ਦੇ ਲੱਛਣ** : ਇਹ ਕੀੜਾ 10 ਦਿਨਾਂ ਦੀ ਫ਼ਸਲ ਤੋਂ ਲੈ ਕੇ ਛੱਲੀ ਬਣਨ ਤੱਕ ਫ਼ਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ । ਮੱਕੀ ਦੀ ਗੋਭ ਵਿੱਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ । ਆਮ ਤੌਰ ਉੱਤੇ ਇਸ ਕੀੜੇ ਦਾ ਹਮਲਾ ਖੇਤਾਂ ਵਿੱਚ ਧੌੜੀਆਂ ਵਿੱਚ ਸ਼ੁਰੂ ਹੋ ਕੇ ਬਹੁਤ ਜਲਦੀ ਸਾਰੇ ਖੇਤ ਵਿੱਚ ਫ਼ੈਲ ਜਾਂਦਾ ਹੈ । ਹਮਲੇ ਦੇ ਸ਼ੁਰੂਆਤ ਵਿੱਚ ਛੋਟੀਆਂ ਸੁੰਡੀਆਂ ਪੱਤੇ ਨੂੰ ਉੱਪਰੋਂ ਖੁਰਚ ਕੇ ਖਾਂਦੀਆਂ ਹਨ । ਇਸ ਕਾਰਨ ਪੱਤਿਆਂ ਉੱਤੇ ਲੰਮੇ ਆਕਾਰ ਦੇ ਕਾਗ਼ਜ਼ੀ ਨਿਸ਼ਾਨ ਬਣ ਜਾਂਦੇ ਹਨ । ਜਦੋਂ ਸੁੰਡੀਆਂ ਵੱਡੀਆਂ ਹੁੰਦੀਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੀਆਂ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ । ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵਧਦਾ ਜਾਂਦਾ ਹੈ । ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿੱਚ ਭਾਰੀ ਮਾਤਰਾ ਵਿੱਚ ਵਿੱਠਾਂ ਕਰ ਦਿੰਦੀਆਂ ਹਨ । ਦਿਨ ਦੇ ਸਮੇਂ ਸੁੰਡੀਆਂ ਗੋਭ ਵਿੱਚ ਲੁਕ ਜਾਂਦੀਆਂ ਹਨ ।

**ਫ਼ਸਲ ਦਾ ਸਰਵੇਖਣ** : ਕਿਸਾਨਾਂ ਨੂੰ ਸ਼ੁਰੂ ਤੋਂ ਹੀ ਖੇਤਾਂ ਦਾ ਸਰਵੇਖਣ ਹਫ਼ਤੇ ਦੇ ਵਕਫ਼ੇ ਉੱਤੇ ਕਰਦੇ ਰਹਿਣਾ ਚਾਹੀਦਾ ਹੈ । ਸਰਵੇਖਣ ਲਈ ਖੇਤ ਦੇ ਪਾਸਿਆਂ ਤੋਂ 4-5 ਕਤਾਰਾਂ ਛੱਡ ਕੇ ਖੇਤ ਅੰਦਰ ਚੱਕਰ ਲਗਾਉਣਾ ਚਾਹੀਦਾ ਹੈ । ਸੁੰਡੀਆਂ ਦਾ ਹਮਲਾ ਦਿੱਸਦੇ ਹੀ ਇਸ ਦੇ ਜੀਵਨ ਚੱਕਰ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਤੁਰੰਤ ਆਪਣੇ ਖੇਤਾਂ ਵਿੱਚ ਢੁੱਕਵੇਂ ਰੋਕਥਾਮ ਉਪਰਾਲੇ ਕਰਨੇ ਚਾਹੀਦੇ ਹਨ ।

**ਰੋਕਥਾਮ** : ਇਸ ਕੀੜੇ ਦੀ ਰੋਕਥਾਮ ਦੇ ਉਪਰਾਲੇ ਸੁੰਡੀਆਂ ਖੇਤ ਵਿੱਚ ਨਜ਼ਰ ਆਉਂਦੇ ਸਾਰ ਹੀ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਛੋਟੀਆਂ ਸੁੰਡੀਆਂ ਦੀ ਰੋਕਥਾਮ ਸੌਖੀ ਹੋ ਜਾਂਦੀ ਹੈ । ਰੋਕਥਾਮ ਲਈ ਹੇਠ ਦੱਸੇ ਕਾਸ਼ਤਕਾਰੀ ਉਪਰਾਲੇ ਅਤੇ ਕੀਟਨਾਸ਼ਕ ਸਿਫ਼ਾਰਿਸ਼ ਕੀਤੇ ਗਏ ਹਨ :

**ਦਾਣਿਆਂ ਵਾਲੀ ਮੱਕੀ :**

➢ ਕੀੜੇ ਲਈ ਮੱਕੀ ਦੇ ਲਗਾਤਾਰ ਮੁਹੱਈਆ ਹੋਣ ਦਾ ਸਮਾਂ ਘਟਾਉਣ ਲਈ ਸਾਉਣੀ ਰੁੱਤ ਦੀ ਫ਼ਸਲ ਦੀ ਬਿਜਾਈ ਸਿਰਫ਼ ਸਿਫ਼ਾਰਿਸ਼ ਸਮੇਂ (25 ਮਈ ਤੋਂ 30 ਜੂਨ ਤੱਕ) ਦੌਰਾਨ ਹੀ ਕਰਨੀ ਚਾਹੀਦੀ ਹੈ ।

➢ ਨਾਲ ਲੱਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਉੱਤੇ ਨਾ ਕਰੀਏ ਜਿਵੇਂ ਸਾਉਣੀ ਰੁੱਤ ਦੀ ਮੱਕੀ ਬੀਜਣ ਵਾਲੇ ਕਿਸਾਨ ਨਾਲ ਲਗਦੇ ਖੇਤਾਂ ਵਿੱਚ ਚਾਰੇ ਜਾਂ ਸਾਈਲੇਜ ਲਈ ਮੱਕੀ ਨਾ ਬੀਜਣ ਇਸ ਤਰ੍ਹਾਂ ਕਰਨ ਨਾਲ ਵੀ ਕੀੜੇ ਦੇ ਵਧਣ-ਫੁੱਲਣ ਅਤੇ ਫੈਲਣ ਨੂੰ ਰੋਕਿਆ ਜਾ ਸਕਦਾ ਹੈ ।

➢ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰ ਦਿਉ । ਆਂਡਿਆਂ ਦੇ ਝੁੰਡ ਲੂਈ ਨਾਲ ਢਕੇ ਹੁੰਦੇ ਹਨ ਅਤੇ ਆਸਾਨੀ ਨਾਲ ਦਿਖ ਜਾਂਦੇ ਹਨ ।

**ਕੀਟਨਾਸ਼ਕਾਂ ਨਾਲ ਰੋਕਥਾਮ :**

➢ 0.5 ਮਿਲੀ ਲੀਟਰ ਡੈਲੀਗੇਟ 11.7 ਐੱਸ.ਸੀ. (ਸਪਾਈਨਟੋਰਮ) ਜਾਂ 0.4 ਮਿਲੀ ਲੀਟਰ ਕੋਰਾਜਨ 18.5 ਐੱਸ.ਸੀ. (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ. ਜੀ. (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲੀਟਰ ਪਾਣੀ ਵਿੰਚ ਘੋਲ ਕੇ ਛਿੜਕਾਅ ਕਰੋ ।



➢ 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ । ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਉ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ ।

➢ ਛਿੜਕਾਅ ਲਈ ਸਿਰਫ਼ ਗੋਲ ਨੋਜ਼ਲ ਦੀ ਹੀ ਵਰਤੋਂ ਕਰੋ । ਸਪਰੇਅ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਕਰੋ ਤਾਂ ਜੋ ਸੁੰਡੀ ਉੱਪਰ ਕੀਟਨਾਸ਼ਕ ਦਾ ਸਿੱਧਾ ਅਸਰ ਹੋਵੇ ।

➢ ਜੇ ਹਮਲਾ ਕੁੱਝ ਬੂਟਿਆਂ ਉੱਤੇ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਨ ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾਉ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ) ।

➢ ਮਿਸ਼ਰਨ ਬਣਾਉਣ ਲਈ 5 ਮਿਲੀ ਲੀਟਰ ਡੈਲੀਗੇਟ 11.7 ਐੱਸ.ਸੀ. (ਸਪਾਈਨਟੋਰਮ) ਦਾ ਕੋਰਾਜਨ 18.5 ਐੱਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ 5 ਗ੍ਰਾਮ ਮਿਜ਼ਾਈਲ 5 ਐੱਸ.ਜੀ. (ਐਮਾਮੈਕਟਿਨ ਬੈਂਜ਼ੋਏਟ) ਨੂੰ 10 ਮਿਲੀ ਲੀਟਰ ਪਾਣੀ ਵਿੱਚ ਘੋਲ ਕੇ ਇੱਕ ਕਿੱਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਰਲਾਉ । ਮਿਸ਼ਰਨ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਉ ।

**ਚਾਰੇ ਵਾਲੀ ਮੱਕੀ :**

➢ ਚਾਰੇ ਵਾਲੀ ਮੱਕੀ ਦੀ ਬਿਜਾਈ ਅੱਧ-ਅਗਸਤ ਤੱਕ ਹੀ ਸੀਮਿਤ ਕੀਤੀ ਜਾਵੇ ਕਿਉਂਕਿ ਪਿਛੇਤੀ ਬੀਜੀ ਫ਼ਸਲ ਤੇ ਇਸ ਕੀੜੇ ਦਾ ਹਮਲਾ ਵਧੇਰੇ ਹੁੰਦਾ ਹੈ ।

➢ ਅਤਿ-ਸੰਘਣੀ ਬਿਜਾਈ ਵਿੱਚ ਇਸ ਕੀੜੇ ਦਾ ਹਮਲਾ ਵੱਧ ਹੁੰਦਾ ਹੈ, ਇਸ ਲਈ ਸਿਫ਼ਾਰਿਸ਼ ਕੀਤੀ ਬੀਜ ਦੀ ਮਾਤਰਾ (30 ਕਿੱਲੋ ਪ੍ਰਤੀ ਏਕੜ) ਹੀ ਵਰਤੀ ਜਾਵੇ ।

➢ ਕਤਾਰਾਂ ਵਿੱਚ ਬਿਜਾਈ (30 ਸੈਂਟੀਮੀਟਰ ਫ਼ਾਸਲਾ) ਕੀਟਨਾਸ਼ਕ ਦਾ ਛਿੜਕਾਅ ਗੋਭ ਵੱਲ ਕਰਨ ਵਿੱਚ ਸਹਾਈ ਹੁੰਦੀ ਹੈ ।

➢ ਕੀੜੇ ਦਾ ਹਮਲਾ ਘਟਾਉਣ ਲਈ ਚਾਰੇ ਵਾਲੀ ਮੱਕੀ ਵਿੱਚ ਬਾਜਰਾ/ਜੁਆਰ/ਰਵਾਂਹ ਰਲਾ ਕੇ ਬੀਜਣ ਨੂੰ ਤਰਜੀਹ ਦੇਣੀ ਚਾਹੀਦੀ ਹੈ ।

➢ ਚਾਰੇ ਵਾਲੀ ਮੱਕੀ ਵਿੱਚ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਨ ਨੂੰ ਖਾਸ ਤਰਜੀਹ ਦਿਉ ਤਾਂ ਜੋ ਕੀਟਨਾਸ਼ਕਾਂ ਦੀ ਵਰਤੋਂ ਘਟੇ ।

➢ ਚਾਰੇ ਵਾਲੀ ਫ਼ਸਲ ਤੇ ਕੋਰਾਜਨ 18.5 ਐੱਸ. ਸੀ. ਨੂੰ 0.4 ਮਿਲੀ ਲੀਟਰ ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

➢ ਛਿੜਕਾਅ ਤੋਂ ਵਾਢੀ ਵਿਚਲਾ ਸਮਾਂ ਘੱਟੋ-ਘੱਟ 21 ਦਿਨਾਂ ਦਾ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਜੋ ਛਿੜਕਾਅ ਕੀਤੇ ਕੀਟਨਾਸ਼ਕ ਦਾ ਮਾੜਾ ਪ੍ਰਭਾਵ ਪਸ਼ੂਆਂ ਤੇ ਨਾ ਹੋ ਸਕੇ ।


ਕਿਸਾਨਾਂ ਨੂੰ ਖੇਤਾਂ ਦਾ ਲਗਾਤਾਰ ਚੰਗੀ ਤਰ੍ਹਾਂ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ । ਮਿੱਤਰ ਕੀੜੇ ਜਿਵੇਂ ਕੀਲੋਨਸ ਫੋਰਮੋਸੈਨਸ, ਕੋਪੋਲੈਟਿਸ, ਕੋਕਸੀਨੈਲਿਡ ਆਦਿ ਵੀ ਰੋਕਥਾਮ ਕਰਦੇ ਦੇਖੇ ਜਾ ਰਹੇ ਹਨ ।

# ਗਰਮੀਆਂ ਦੇ ਦਿਨਾਂ ਵਿੱਚ ਆਪਣੀ ਸਿਹਤ ਦਾ ਰੱਖੋ ਧਿਆਨ



**ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀ ਹੈ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ 'ਚ ਪਿਆਸ ਦਾ ਖਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ-'ਡੀਹਾਈਡ੍ਰੇਸ਼ਨ' ਹੋ ਜਾਂਦੀ ਹੈ ਅਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ।**

ਲੂ ਲੱਗਣਾ ਗਰਮੀ ਦੇ ਮੌਸਮ ਦਾ ਰੋਗ ਅਤੇ ਵੱਡੀ ਸਮੱਸਿਆ ਹੈ। ਸੂਰਜ ਦੀ ਤਪਸ਼ ਅੱਗ ਵਰ੍ਹਾਉਂਦੀ ਪਈ ਹੈ ਅਤੇ ਛੋਟੇ ਬੱਚੇ, ਬਜ਼ੁਰਗ, ਕਮਜ਼ੋਰ ਜਾਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗ ਤੋਂ ਪੀੜਤ ਵਿਅਕਤੀ ਲੂ ਦੀ ਲਪੇਟ 'ਚ ਛੇਤੀ ਆ ਜਾਂਦੇ ਹਨ। ਸੜਕਾਂ 'ਤੇ ਰੇਹੜੀ, ਰਿਕਸ਼ਾ-ਟਾਂਗਾ ਚਾਲਕ, ਦਿਹਾੜੀਦਾਰ-ਮਜ਼ਦੂਰ, ਕਾਮੇ, ਯਾਤਰੀ ਅਤੇ ਭਿਖਾਰੀ ਆਦਿ ਵੀ ਸੂਰਜ ਦੀਆਂ ਗਰਮ ਹਵਾਵਾਂ ਦੇ ਚਲਦਿਆਂ ਲੂ ਦਾ ਸ਼ਿਕਾਰ ਹੋਣ ਕਾਰਨ ਬੇਹੋਸ਼ ਹੋ ਕੇ ਡਿਗ ਪੈਂਦੇ ਹਨ। ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀ ਹੈ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ 'ਚ ਪਿਆਸ ਦਾ ਖਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ-'ਡੀਹਾਈਡ੍ਰੇਸ਼ਨ' ਹੋ ਜਾਂਦੀ ਹੈ ਅਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ



ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ। ਗਰਮੀਆਂ 'ਚ ਮਲੇਰੀਆ, ਟਾਇਫਾਇਡ ਜਾਂ ਕਿਸੇ ਹੋਰ ਰੋਗ ਕਾਰਨ ਬੁਖਾਰ ਚੜ੍ਹ ਜਾਵੇ ਤਾਂ ਪਾਣੀ ਦੀ ਘਾਟ, ਲੂ ਲੱਗਣ ਦਾ ਕਾਰਨ ਬਣਦੀ ਜਾਂਦੀ ਹੈ। ਗਰਮੀ ਦੇ ਮੌਸਮ 'ਚ ਤਾਪਮਾਨ 40-45 ਡਿਗਰੀ ਸੈਂਟੀਗ੍ਰੇਡ ਤੱਕ ਪਹੁੰਚ ਜਾਂਦਾ ਹੈ ਅਤੇ ਤੇਜ਼ ਧੁੱਪ ਕਾਰਨ ਸੂਰਜ ਦੀਆਂ ਤੇਜ਼ ਕਿਰਨਾਂ ਚਮੜੀ



ਹੀ ਝੁਲਸਾ ਦਿੰਦੀਆਂ ਹਨ। ਅਜਿਹੇ ਮੌਸਮ 'ਚ ਆਪਣਾ ਧਿਆਨ ਸਨਬਰਨ, ਸਕਿਨ 'ਚ ਜਲਣ, ਲੂ ਲੱਗਣ ਦਾ ਡਰ ਬਣਿਆ ਰਹਿੰਦਾ ਹੈ, ਕਦੇ-ਕਦੇ ਤਾਂ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਸਨਬਰਨ ਅਤੇ ਚਮੜੀ ਦੀ ਜਲਣ ਤੋਂ ਬਚਾਅ ਲਈ ਕਈ ਤਰ੍ਹਾਂ ਦੇ ਲੋਸ਼ਨ ਅਤੇ ਕਰੀਮਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਲੂ ਲੱਗਣ ਨਾਲ ਸਿਹਤ ਬਹੁਤ ਜ਼ਿਆਦਾ ਵਿਗੜ ਵੀ ਸਕਦੀ ਹੈ, ਗਰਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਜੇਕਰ ਕਿਸੇ ਮੈਦਾਨੀ ਖੇਤਰ ਦਾ ਤਾਪਮਾਨ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਤੱਕ ਪਹੁੰਚ ਜਾਂਦਾ ਹੈ, ਤਾਂ ਇਸ ਸਥਿਤੀ ਨੂੰ ਗਰਮੀ ਦੀ ਲਹਿਰ

ਡਾ. ਪ੍ਰਭਦੀਪ ਸਿੰਘ ਚਾਵਲਾ, ਨੋਡਲ ਅਫਸਰ ਆਈ.ਈ.ਸੀ. ਸਰਗਰਮੀਆਂ
ਸਿਹਤ ਵਿਭਾਗ, ਫਰੀਦਕੋਟ, ਮੋਬਾਈਲ : 98146-56257

ਕਿਹਾ ਜਾਂਦਾ ਹੈ। ਮਈ ਅਤੇ ਜੂਨ ਦੇ ਮਹੀਨਿਆਂ ਦੌਰਾਨ ਗਰਮੀ ਦੀਆਂ ਲਹਿਰਾਂ ਚੱਲਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਅਤੇ ਇਸ ਸਮੇਂ ਦੌਰਾਨ ਆਮ ਲੋਕਾਂ ਦੇ ਨਾਲ-ਨਾਲ ਖਾਸ ਕਰਕੇ ਉਨ੍ਹਾਂ ਲੋਕਾਂ, ਜਿਹੜੇ ਜੋਖਮ ਸ਼੍ਰੇਣੀ 'ਚ ਆਉਂਦੇ ਹਨ, ਨੂੰ ਚੌਕਸ ਰਹਿਣ ਦੀ ਲੋੜ ਹੈ।

ਨਵਜੰਮੇ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮਜ਼ਦੂਰ-ਦਿਹਾੜੀਦਾਰ, ਮੋਟਾਪੇ ਤੋਂ ਪੀੜਤ ਵਿਅਕਤੀ, ਮਾਨਸਿਕ ਰੋਗੀ, ਜੋ ਸਰੀਰਕ ਤੌਰ 'ਤੇ ਬਿਮਾਰ ਹਨ, ਖਾਸ ਕਰਕੇ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਹੈ, ਉਹ ਵਧੇਰੇ ਜੋਖਮ ਸ਼੍ਰੇਣੀ 'ਚ ਆਉਂਦੇ ਹਨ।

ਹਰ ਸਾਲ ਗਰਮੀ ਦੇ ਮੌਸਮ 'ਚ ਲੂ ਲੱਗਣ ਦੇ ਕੇਸਾਂ ਬਾਰੇ ਖਬਰਾਂ ਸੁਣੀਂਦੀਆਂ ਹਨ, ਪਰ ਜੇ ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ ਵਰਤੀਆਂ ਜਾਣ ਤਾਂ ਲੂ ਲੱਗਣ ਤੋਂ ਆਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ। ਲੂ ਜਾਂ ਹੀਟ ਸਟ੍ਰੋਕ ਤੋਂ ਬਚਣ ਲਈ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ।

**ਇਸ ਗਰਮੀ ਦੇ ਮੌਸਮ 'ਚ ਕੀ ਕਰਨਾ ਚਾਹੀਦਾ ਹੈ ?**

ਘਰ ਦੋਂ ਬਾਹਰ ਦੇ ਕੰਮ, ਦਿਨ ਦੇ ਠੰਢੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਸਮੇਂ ਕੀਤੇ ਜਾਣੇ ਚਾਹੀਦੇ ਹਨ। ਪਿਆਸ ਨਾ ਲੱਗਣ 'ਤੇ ਵੀ ਹਰ ਘੰਟੇ ਬਾਅਦ ਪਾਣੀ ਜ਼ਰੂਰ ਪੀਓ। ਪਰ ਮਿਰਗੀ ਜਾਂ ਦਿਲ ਦੀ ਬਿਮਾਰੀ, ਗੁਰਦੇ ਜਾਂ ਜਿਗਰ ਦੀ ਬਿਮਾਰੀ ਵਾਲੇ ਲੋਕ ਜੋ ਤਰਲ-ਪ੍ਰਤੀਬੰਧਿਤ ਖੁਰਾਕ 'ਤੇ ਹਨ, ਉਨ੍ਹਾਂ ਨੂੰ ਪਾਣੀ ਦੀ ਮਾਤਰਾ ਵਧਾਉਣ ਸੰਬੰਧੀ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

ਬਾਹਰ ਕੰਮ ਕਰਦੇ ਰੰਗ ਅਤੇ ਸਰੀਰ ਨੂੰ ਪੂਰੇ ਢਕਣ ਵਾਲੇ ਕੱਪੜੇ ਪਾਓ। ਕੋਸ਼ਿਸ਼ ਕਰੋ ਕਿ ਗਰਮੀਆਂ 'ਚ ਸਿਰਫ ਸੂਤੀ ਕੱਪੜੇ ਹੀ ਪਹਿਨੇ ਜਾਣ। ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛਤਰੀ, ਟੋਪੀ, ਤੌਲੀਆ, ਪੱਗ ਜਾਂ ਦੁਪੱਟੇ ਆਦਿ ਦੀ ਵਰਤੋਂ ਕਰੋ। ਨੰਗੇ ਪੈਰੀਂ ਬਾਹਰ ਨਾ ਨਿਕਲੋ, ਧੁੱਪ 'ਚ ਬਾਹਰ ਜਾਣ ਵੇਲੇ ਹਮੇਸ਼ਾਂ ਜੁੱਤੀ-ਬੂਟ ਜਾਂ ਚੱਪਲਾਂ ਪਾਓ।

ਧੁੱਪ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ 'ਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ। ਧੁੱਪ 'ਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ।

ਮੌਸਮੀ ਫਲ ਅਤੇ ਸਲਾਦ ਜਿਵੇਂ ਕਿ ਅੰਬ, ਤਰਬੂਜ਼, ਖਰਬੂਜ਼ਾ, ਸੰਤਰਾ, ਅੰਗੂਰ, ਖੀਰਾ, ਮੂਲੀ, ਪਿਆਜ਼ ਅਤੇ ਟਮਾਟਰ ਆਦਿ ਖਾਓ, ਕਿਉਂਕਿ ਇਨ੍ਹਾਂ 'ਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਸੱਤੂ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਅਤੇ ਸੇਵਨ ਵਧਾਓ।

ਆਪਣੀ ਚਮੜੀ ਦੀ ਸੁਰੱਖਿਆ ਲਈ ਸਨਸਕ੍ਰੀਨ ਅਤੇ ਅੱਖਾਂ ਦੀ ਸੁਰੱਖਿਆ ਲਈ ਗੂੜ੍ਹੇ ਚਸ਼ਮੇ ਲਾਓ। ਘੱਟ ਭੋਜਨ ਖਾਓ ਅਤੇ ਜ਼ਿਆਦਾ ਵਾਰ ਖਾਓ, ਬਿਹਾ ਖਾਣਾ ਨਾ ਖਾਓ, ਜ਼ਿਆਦਾ ਤੇਲ ਵਾਲੇ ਜਾਂ ਬਾਹਰਲੇ ਖਾਣੇ ਤੋਂ ਪਰਹੇਜ਼ ਕਰੋ। ਠੰਢੇ ਪਾਣੀ ਨਾਲ ਵਾਰ-ਵਾਰ ਨਹਾਓ ਜਾਂ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਮੂੰਹ-ਹੱਥ ਠੰਢੇ ਪਾਣੀ ਨਾਲ ਧੋਵੋ। ਕਸਰਤ ਸਰੀਰ ਦੇ ਵਧਦੇ ਤਾਪਮਾਨ ਦੇ ਅਨੁਕੂਲ ਕਰੋ ਅਤੇ ਖੁਰਾਕ ਤੇ ਤਰਲ ਪਦਾਰਥਾਂ ਦਾ ਸੇਵਨ ਜ਼ਰੂਰ ਕਰੋ।

**ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ** : ਧੁੱਪ 'ਚ ਖਾਸ ਤੌਰ 'ਤੇ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਜਾਣ ਤੋਂ ਪਰਹੇਜ਼ ਕਰੋ। ਵੱਧ ਗਰਮੀ ਵਾਲੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ, ਰਸੋਈ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ, ਹਵਾ ਬਾਹਰ ਕੱਢਣ ਲਈ ਚਿਮਨੀ ਜਾਂ ਪੱਖਾ ਜ਼ਰੂਰ ਚਲਾਓ।

ਅਲਕੋਹਲ, ਚਾਹ-ਕੌਫੀ, ਪੈਕਡ ਡ੍ਰਿੰਕ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ, ਕਿਉਂਕਿ ਇਹ ਅਸਲ 'ਚ ਸਰੀਰ ਦੇ ਤਰਲ ਪਦਾਰਥਾਂ ਦੀ ਮਾਤਰਾ ਘਟਾ ਦਿੰਦੇ ਹਨ। ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ, ਬਾਸੀ ਭੋਜਨ ਨਾ ਖਾਓ। ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਤਾਲਾਬੰਦ ਵਾਹਨ 'ਚ ਨਾ ਛੱਡੋ।

**ਅਜਿਹੇ ਲੱਛਣ ਦਿਸਣ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ** : ਮਾਨਸਿਕ ਸੰਤੁਲਨ 'ਚ ਬਦਲਾਅ, ਬੇਚੈਨੀ, ਬੋਲਣ 'ਚ ਮੁਸ਼ਕਿਲ, ਚਿੜਚਿੜਾਪਨ, ਹਕਲਾ ਤੇ ਬੋਲਣਾ ਅਤੇ ਦੌਰੇ ਆਦਿ ਨਾਲ ਬੋਲਣਾ। ਗਰਮ, ਲਾਲ ਅਤੇ ਖੁਸ਼ਕ ਚਮੜੀ। ਜਦੋਂ ਸਰੀਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਜਾਂਦਾ ਹੈ।

ਗੰਭੀਰ ਸਿਰ ਦਰਦ, ਚਿੰਤਾ, ਚੱਕਰ ਆਉਣੇ, ਬੇਹੋਸ਼ੀ, ਮਾਸਪੇਸ਼ੀਆਂ ਦੀ ਕਮਜ਼ੋਰੀ ਜਾਂ ਖਿਚਾਵ ਇਕ ਘੰਟੇ ਤੋਂ ਵੱਧ ਸਮੇਂ ਤੱਕ ਰਹਿੰਦੀ ਹੈ। ਉਲਟੀਆਂ (ਜੀਅ ਮਚਲਾਣਾ-ਘਬਰਾਹਟ ਆਦਿ)। ਦਿਲ ਦੀ ਧੜਕਣ ਤੇਜ਼ ਹੋਣਾ। ਲੂਣ ਤੋਂ ਬਚਣ ਲਈ ਸਿਹਤ ਵਿਭਾਗ ਵਲੋਂ ਜਾਰੀ ਸੁਝਾਅ, ਸਾਵਧਾਨੀਆਂ ਤੇ ਘਰੇਲੂ ਨੁਕਤੇ ਯਾਦ ਰੱਖੋ ਅਤੇ ਵਧੇਰੇ ਜਾਣਕਾਰੀ ਲਈ ਨੇੜੇ ਦੇ ਸਿਹਤ ਕੇਂਦਰ ਜਾਂ ਟੋਲ ਫਰੀ ਨੰਬਰ 104 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਸਰਕਾਰ ਵੱਲੋਂ ਸੂਬੇ 'ਚ ਮੱਕੀ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀ

## 2225 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਭਾਅ, ਕਾਸ਼ਤਕਾਰਾਂ ਨੂੰ 7 ਹਜ਼ਾਰ ਰੁਪਏ ਪ੍ਰਤੀ ਏਕੜ ਮਿਲੇਗੀ ਵਿੱਤੀ ਸਹਾਇਤਾ

ਖੇਤੀਬਾੜੀ ਅਧਿਕਾਰੀ ਨੇ ਦੱਸਿਆ ਕਿ ਖਰੀਦ ਉਪਰੰਤ ਮੱਕੀ ਨੂੰ ਸੂਬੇ ਅੰਦਰ ਸਥਾਪਿਤ ਐਥਨੌਲ ਕਾਰਖਾਨਿਆਂ ਨੂੰ ਨਿਰਯਾਤ ਕੀਤਾ ਜਾਵੇਗਾ, ਜਦਕਿ ਹੁਣ ਇਹ ਕਾਰਖਾਨੇ ਬਾਹਰੀ ਸੂਬਿਆਂ ਤੋਂ ਮੱਕੀ ਦੀ ਖਰੀਦ ਕਰਦੇ ਹਨ। ਉਨ੍ਹਾਂ ਕਿਹਾ ਕਿ ਮੱਕੀ ਦੀ ਸਭ ਤੋਂ ਵੱਧ ਖਪਤ ਬਠਿੰਡਾ ਜ਼ਿਲ੍ਹੇ 'ਚ ਹੁੰਦੀ ਹੈ, ਜਿੱਥੇ ਬਠਿੰਡਾ ਕੈਮੀਕਲ ਲਿਮਿਟਿਡ (ਬੀ. ਸੀ. ਐੱਲ), ਓਮ ਸੰਨਜ਼ ਸੰਗਤ, ਪੈਨਕਾਰਬੋ ਨੰਗਲਾ ਅਤੇ ਪਿੰਡ ਨਸੀਬਪੁਰਾ ਵਿਖੇ ਸਥਿਤ ਸਰਕਾਰੀ ਕਾਰਖਾਨਾ ਐੱਚ.ਐੱਮ.ਈ.ਐੱਲ. ਸਥਿਤ ਸਥਿਤ ਹੈ। ਉਨ੍ਹਾਂ ਦੱਸਿਆ ਕਿ ਇੰਨਾਂ ਚਾਰ ਕਾਰਖਾਨਿਆਂ 'ਚ ਪੰਜਾਬ ਭਰ 'ਚੋਂ ਸਭ ਤੋਂ ਵੱਧ ਮੱਕੀ ਦੀ ਖਪਤ ਹੁੰਦੀ ਹੈ, ਜਿੱਥੇ ਰੋਜ਼ਾਨਾ 2200 ਤੋਂ 2400 ਟਨ (ਭਾਵ 1 ਹਜ਼ਾਰ ਏਕੜ ਦੀ) ਮੱਕੀ ਦੀ ਖਪਤ ਹੁੰਦੀ ਹੈ ਤੇ ਇਹੀ ਖਪਤ ਆਉਣ ਵਾਲੇ ਸਮੇਂ 'ਚ ਪੰਜਾਬ ਅੰਦਰ ਮੱਕੀ ਦੀ ਕਾਸ਼ਤ ਨੂੰ ਹੋਰ ਹੁਲਾਰਾ ਦੇਵੇਗੀ।



ਪੰਜਾਬ ਸਰਕਾਰ ਵੱਲੋਂ ਜਿੱਥੇ ਅੰਦਰਲੇ ਨਹਿਰੀ ਅਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਲਈ ਝੋਨੇ ਦੀ 'ਪੂਸਾ' ਕਿਸਮ ਦੀ ਬਿਜਾਂਦ ਕਰਨ 'ਤੇ ਪਾਬੰਦੀ ਲਗਾਈ ਗਈ ਹੈ, ਉੱਥੇ ਹੁਣ ਸਰਕਾਰ ਨੇ ਸੂਬੇ ਅੰਦਰ ਖੇਤੀ ਦੇ ਬਦਲਵੇਂ ਰੂਪ ਵਿਚ ਮੱਕੀ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਪਹਿਲਕਦਮੀ ਕੀਤੀ ਹੈ। ਇਹ ਸੂਬੇ ਅੰਦਰ ਪਹਿਲੀ ਵਾਰ ਹੋ ਰਿਹਾ ਹੈ ਕਿ ਕਿਸੇ ਸਰਕਾਰ ਨੇ ਮੱਕੀ ਦੀ ਖੇਤੀ ਦੀ ਸਰਕਾਰੀ ਪੱਧਰ 'ਤੇ ਖਰੀਦ ਕਰਨ ਲਈ ਜਿੱਥੇ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਤੈਅ ਕੀਤਾ ਹੈ, ਉੱਥੇ ਮੱਕੀ ਦੀ ਬਿਜਾਈ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਤੀ ਏਕੜ ਦੇ ਹਿਸਾਬ ਨਾਲ ਵਿੱਤੀ ਸਹਾਇਤਾ ਦੇਣ ਦਾ ਵੀ ਵਾਅਦਾ ਕੀਤਾ ਹੈ, ਜਿਸ ਦੇ ਬਾਅਦ ਕਿਸਾਨਾਂ ਨੇ ਮੱਕੀ ਦੀ ਬਿਜਾਂਦ ਕਰਨ ਲਈ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਹੈ। ਮੱਕੀ ਦੀ ਬਿਜਾਂਦ ਲਈ ਸੂਬਾ ਸਰਕਾਰ ਨੇ 6 ਜ਼ਿਲ੍ਹਿਆਂ ਦੀ ਚੋਣ ਕੀਤੀ ਹੈ, ਜਿੱਥੇ ਹਜ਼ਾਰਾਂ ਏਕੜ 'ਚ ਕਿਸਾਨਾਂ ਤੋਂ ਮੱਕੀ ਦੀ ਕਾਸ਼ਤ ਕਰਵਾਈ ਜਾਵੇਗੀ ਤੇ ਉਸ ਦੇ ਪੱਕਣ ਬਾਅਦ ਸਰਕਾਰੀ ਭਾਅ 'ਤੇ ਖਰੀਦ ਕਰਨ ਬਾਅਦ ਇਹ ਮੱਕੀ ਸੂਬੇ ਅੰਦਰ ਸਥਿਤ ਐਥਨੌਲ ਕਾਰਖਾਨਿਆਂ ਨੂੰ ਨਿਰਯਾਤ ਕੀਤੀ ਜਾਵੇਗੀ, ਜਿਸ ਨਾਲ ਸੂਬੇ ਦੇ ਕਾਰਖਾਨਿਆਂ ਨੂੰ ਸੂਬੇ ਅੰਦਰ ਹੀ ਮੱਕੀ ਉਪਲਬਧ ਹੋਵੇਗੀ, ਉੱਥੇ ਸਰਕਾਰ ਦੇ ਖਜ਼ਾਨੇ ਅਤੇ ਕਿਸਾਨਾਂ ਦੀ ਜੇਬ ਨੂੰ ਵੀ ਹੁਲਾਰਾ ਮਿਲੇਗਾ। ਇਸ ਸੰਬੰਧੀ ਪੰਜਾਬ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਜ਼ਿਲ੍ਹਾ ਬਠਿੰਡਾ ਦੇ ਮੁੱਖ ਖੇਤੀਬਾੜੀ ਅਧਿਕਾਰੀ ਡਾ. ਜਗਦੀਸ਼ ਸਿੰਘ ਨੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਮੱਕੀ ਦੀ ਖੇਤੀ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਗਈ ਹੈ, ਜਿਸ ਤਹਿਤ ਜਿੱਥੇ ਮੱਕੀ ਦੀ ਫਸਲ ਨੂੰ ਸਰਕਾਰੀ ਪੱਧਰ 'ਤੇ 14 ਫੀਸਦੀ ਨਮੀਂ ਉੱਪਰ ਖਰੀਦਣ ਲਈ 2225 ਰੁਪਏ ਪ੍ਰਤੀ ਕੁਇੰਟਲ ਦਾ ਭਾਅ (ਐੱਮ. ਐੱਸ. ਪੀ) ਤੈਅ ਕੀਤਾ ਗਿਆ ਹੈ, ਉੱਥੇ ਕਿਸਾਨਾਂ ਦੀ ਵਿੱਤੀ ਤੌਰ 'ਤੇ ਬਾਂਹ ਫੜਦੇ ਹੋਏ ਉਨ੍ਹਾਂ ਦੀ ਮੱਕੀ ਦੀ ਕਾਸ਼ਤ ਕਰਨ 'ਤੇ 7 ਹਜ਼ਾਰ ਰੁਪਏ ਪ੍ਰਤੀ ਏਕੜ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਤਜ਼ਰਬੇ ਪੱਖੋਂ ਮੱਕੀ ਦੀ ਕਾਸ਼ਤ ਕਰਨ ਲਈ ਸੂਬਾ ਸਰਕਾਰ ਅਤੇ ਖੇਤੀਬਾੜੀ ਵਿਭਾਗ ਨੇ ਛੇ ਜ਼ਿਲ੍ਹਿਆਂ ਬਠਿੰਡਾ, ਸੰਗਰੂਰ, ਗੁਰਦਾਸਪੁਰ, ਪਠਾਨਕੋਟ, ਜਲੰਧਰ ਅਤੇ ਹੁਸ਼ਿਆਰਪੁਰ ਦੀ ਚੋਣ ਕੀਤੀ ਹੈ, ਜਿਨ੍ਹਾਂ ਵਿਚ ਕੁੱਲ 30 ਹਜ਼ਾਰ ਏਕੜ (12 ਹਜ਼ਾਰ ਹੈਕਟੇਅਰ) ਰਕਬੇ ਵਿਚ ਮੱਕੀ ਦੀ ਖੇਤੀ ਕਰਵਾਉਣ ਦਾ ਟੀਚਾ ਮਿਥਿਆ ਹੈ। ਖੇਤੀਬਾੜੀ ਅਧਿਕਾਰੀ ਦਾ ਦਾਅਦਾ ਕੀਤਾ ਕਿ ਮੱਕੀ ਦੀ ਬਿਜਾਂਦ ਲਈ ਖੇਤੀਬਾੜੀ ਵਿਭਾਗ ਵਲੋਂ ਬੀਜ, ਖਾਦ ਅਤੇ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਈ ਜਾਵੇਗੀ ਅਤੇ ਵਿੱਤੀ ਸਹਾਇਤਾ ਵੀ ਸਮੇਂ ਸਿਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਉਣੀ ਦੀ ਮੱਕੀ ਦੀ ਬਿਜਾਂਦ ਦਾ ਸਮਾਂ ਅੱਜ ਤੋਂ ਸ਼ੁਰੂ ਹੋ ਚੁੱਕਿਆ ਹੈ, ਜੋ ਜੂਨ ਮਹੀਨੇ ਦੇ ਅੰਤ ਤੱਕ ਚੱਲੇਗਾ ਤੇ ਕਰੀਬ ਸਵਾ ਤਿੰਨ ਮਹੀਨਿਆਂ ਦੇ ਸਮੇਂ ਦੌਰਾਨ ਮੱਕੀ ਪੱਕ ਕੇ ਵੱਢਣ ਲਈ ਤਿਆਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਮੱਕੀ ਦੀ ਕਾਸ਼ਤ ਉਨ੍ਹਾਂ ਕਿਸਾਨਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ, ਜਿਨ੍ਹਾਂ ਨੂੰ ਟਿਊਬਵੈੱਲਾਂ ਦਾ ਪਾਣੀ ਖਾਰਾ ਅਤੇ ਜ਼ਮੀਨਾਂ ਘੱਟ ਉਪਜਾਊ ਹੋਣ ਕਰਕੇ ਝੋਨੇ ਦਾ ਉਪਜਾਊ ਜ਼ਮੀਨਾਂ ਦੇ ਬਰਾਬਰ ਝਾੜ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਮੱਕੀ ਦੀ ਕਾਸ਼ਤ ਕਰਨ ਲਈ ਕਿਸਾਨਾਂ ਵੱਲੋਂ ਖੇਤੀਬਾੜੀ ਵਿਭਾਗ ਤੱਕ ਪਹੁੰਚ ਕੀਤੀ ਜਾ ਰਹੀ ਹੈ, ਜਦਕਿ ਵਿਭਾਗ ਦੀਆਂ ਟੀਮਾਂ ਪਹਿਲਾਂ ਤੋਂ ਹੀ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਮੱਕੀ ਦੀ ਕਾਸ਼ਤ ਕਰਨ ਲਈ ਜਾਗਰੂਕ ਕਰ ਰਹੀਆਂ ਹਨ ਤੇ ਚੰਗਾ ਹੁੰਗਾਰਾ ਮਿਲ ਰਿਹਾ। ਪਿਛਲੇ ਕੁਝ ਸਮੇਂ ਤੋਂ ਪੰਜਾਬ ਅੰਦਰ ਪਸ਼ੂਆਂ ਦੇ ਖਾਣ ਲਈ ਹਰਾ-ਚਾਰਾ ਵਰਤਣ ਦਾ ਰੁਝਾਨ ਘਟਿਆ ਹੈ ਤੇ ਉਸ ਦੀ ਜਗ੍ਹਾ ਮੱਕੀ ਦਾ ਆਚਾਰ ਨੇ ਲੈ ਲਈ ਹੈ। ਕਿਸਾਨ ਹੁਣ ਮੱਕੀ ਦਾ ਆਚਾਰ ਪਾਉਂਦੇ ਹਨ, ਜਿਸ ਨੂੰ ਅੱਧ-ਪੱਕੀ ਹੋਣ 'ਤੇ ਮਸ਼ੀਨਾਂ ਰਾਹੀਂ ਕੁਤਰਣ ਬਾਅਦ ਲੋੜੀਂਦੀਆਂ ਵਸਤਾਂ ਮਿਲਾ ਕੇ ਇਕ ਟੋਆ ਪੁੱਟ ਕੇ ਧਰਤੀ ਹੇਠਾਂ ਦੱਬ ਦਿੱਤਾ ਜਾਂਦਾ ਤੇ ਕੁਝ ਸਮੇਂ ਬਾਅਦ ਮੱਕੀ ਦਾ ਆਚਾਰ ਦੇ ਰੂਪ 'ਚ ਪਸ਼ੂਆਂ ਨੂੰ ਇਹ ਚਾਰਾ ਪਾਇਆ ਜਾਂਦਾ ਹੈ ਪਰ ਹੁਣ ਸੂਬਾ ਸਰਕਾਰ ਦੀ ਉਕਤ ਪਹਿਲਕਦਮੀ ਬਾਅਦ ਕਿਸਾਨਾਂ ਵੱਲੋਂ ਸਾਉਣੀ ਦੀ ਮੱਕੀ ਦੀ ਕਾਸ਼ਤ ਹੇਠਾਂ ਰਕਬਾ ਵਧਾਇਆ ਜਾ ਸਕਦਾ ਹੈ।

- ਸਤਪਾਲ ਸਿੰਘ ਸਿਵੀਆਂ

# ਮਿਰਚਾਂ ਦੀ ਫ਼ਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਉ



**ਮਿਰਚਾਂ ਦੀ ਫ਼ਸਲ ਵਿੱਚ ਕਈ ਤਰ੍ਹਾਂ ਦੇ ਕੀੜੇ ਫ਼ਸਲ ਦਾ ਨੁਕਸਾਨ ਕਰਦੇ ਹਨ, ਜਿਨ੍ਹਾਂ ਵਿੱਚ ਥਰਿੱਪ, ਚਿੱਟੀ ਮੱਖੀ, ਚੇਪਾ (ਐਫਿਡ) ਅਤੇ ਫਲ ਦਾ ਗੜੂੰਆਂ ਪ੍ਰਮੁੱਖ ਹਨ। ਇਸ ਲਈ ਇਨ੍ਹਾਂ ਕੀੜਿਆਂ ਦੀ ਸਮੇਂ ਸਿਰ ਪਹਿਚਾਣ ਅਤੇ ਰੋਕਥਾਮ ਜ਼ਰੂਰੀ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਹੇਠਾਂ ਦੱਸੇ ਢੰਗ ਅਪਣਾਓ।**

**(ੳ) ਥਰਿੱਪ** : ਜਵਾਨ ਅਤੇ ਬੱਚ ਦੋਨੋਂ ਹੀ ਪੱਤੇ ਨੂੰ ਉਪਰੋਂ ਝਿਰੜ ਕੇ ਵੱਗ ਰਹੇ ਰਸ ਨੂੰ ਚੂਸਦੇ ਹਨ। ਕੀੜੇ ਦੁਆਰਾ ਲਗਾਤਾਰ ਰਸ ਚੂਸਣ ਨਾਲ ਪੱਤੇ ਦੇ ਹੇਠਲੇ ਪਾਸੇ ਤੋਂ ਖਾਕੀਪਣ ਆ ਜਾਂਦੀ ਹੈ, ਜੋ ਕਿ ਚਮਕਦਾਰ ਨਜ਼ਰ ਆਉਂਦਾ ਹੈ। ਬੂਟਿਆਂ ਦੇ ਪੱਤਿਆਂ ਵਿੱਚੋਂ ਰਸ ਚੂਸਣ ਕਰਕੇ ਵਾਧਾ ਰੁੱਕ ਜਾਂਦਾ ਹੈ।

**ਰੋਕਥਾਮ** : ਥਰਿੱਪ ਦੀ ਰੋਕਥਾਮ ਲਈ 250 ਮਿਲੀਲੀਟਰ ਰੀਜੈਂਟ 5 ਐਸ. ਸੀ. (ਫਿਪਰੋਨਿਲ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**(ਅ) ਚਿੱਟੀ ਮੱਖੀ** : ਬੱਚੇ ਅਤੇ ਬਾਲਗ ਪੱਤਿਆਂ ਦਾ ਰਸ ਚੂਸ ਕੇ ਫ਼ਸਲ ਦਾ ਨੁਕਸਾਨ ਕਰਦੇ ਹਨ। ਇਹ ਕੀੜਾ ਮਿਰਚਾਂ ਵਿੱਚ ਪੱਤਾ ਮਰੋੜ ਬਿਮਾਰੀ (ਲੀਫ ਕਰਲ) ਜੋ ਕਿ ਇੱਕ ਵਿਸ਼ਾਣੂੰ ਰੋਗ ਹੈ, ਨੂੰ ਵੀ ਫੈਲਾਉਂਦਾ ਹੈ। ਇਸ ਬਿਮਾਰੀ ਦੇ ਲੱਗਣ ਨਾਲ ਪੱਤਿਆਂ ਦੀਆਂ ਨਾੜਾਂ ਫੈਲ ਜਾਂਦੀਆਂ ਹਨ ਅਤੇ ਪੱਤੇ ਉੱਪਰ ਜਾਂ ਹੇਠਾਂ ਨੂੰ ਮੁੜ ਜਾਂਦੇ ਹਨ। ਬਿਮਾਰੀ ਵਾਲੇ ਬੂਟਿਆਂ ਨੂੰ ਫਲ ਬਹੁਤ ਘੱਟ ਲੱਗਦਾ ਹੈ।

**ਰੋਕਥਾਮ** : ਚਿੱਟੀ ਮੱਖੀ ਦੀ ਰੋਕਥਾਮ ਲਈ 160 ਮਿਲੀਲੀਟਰ ਡੈਟਾ 10 ਈ. ਸੀ. (ਪਾਈਰੀਪਰੋਕਸੀਫਿਨ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**(ੲ) ਚੇਪਾ (ਏਫਿਡ)** : ਮਿਰਚਾਂ ਉਪਰ ਰਸ ਚੂਸਣ ਵਾਲੇ ਕੀੜਿਆਂ ਵਿੱਚੋਂ ਚੇਪਾ ਕਾਫ਼ੀ ਨੁਕਸਾਨ ਕਰਦਾ ਹੈ। ਇਸ ਦੇ ਬੱਚੇ ਅਤੇ ਬਾਲਗ ਦੋਨੋਂ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਕਾਰਨ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਉਹ ਕਮਜ਼ੋਰ ਰਹਿ ਜਾਂਦੇ ਹਨ। ਹਮਲੇ ਕਾਰਨ ਨਵੀਆਂ ਕਰੂੰਬਲਾਂ ਮੁਰਝਾਅ ਜਾਂਦੀਆਂ ਹਨ।



**ਰੋਕਥਾਮ** : ਚੇਪੇ ਦੀ ਰੋਕਥਾਮ ਲਈ 250 ਮਿਲੀਲੀਟਰ ਰੀਜੈਂਟ 5 ਐਸ. ਸੀ. (ਫਿਪਰੋਨਿਲ) ਜਾਂ 160 ਮਿਲੀਲੀਟਰ ਡੈਟਾ 10 ਈ. ਸੀ. (ਪਾਈਰੀਪਰੋਕਸੀਫਿਨ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**(ਸ) ਫਲ ਦਾ ਗੜੂੰਆਂ** : ਇਹ ਮਿਰਚਾਂ ਉੱਪਰ ਪਾਇਆ ਜਾਣ ਵਾਲਾ ਹਾਨੀਕਾਰਕ ਕੀੜਾ ਹੈ, ਜੋ ਮਿਰਚਾਂ ਤੋਂ ਇਲਾਵਾ ਟਮਾਟਰ, ਛੋਲੇ, ਨਰਮਾ, ਬਰਸੀਮ ਆਦਿ ਦਾ ਵੀ ਨੁਕਸਾਨ ਕਰਦਾ ਹੈ। ਇਸ ਦੀਆਂ ਸੁੰਡੀਆਂ ਫਲ ਵਿੱਚ ਛੇਕ ਕਰਕੇ ਫਲ ਨਸ਼ਟ ਕਰ ਦਿੰਦੀਆਂ ਹਨ। ਅਜਿਹੇ ਫਲ ਮੰਡੀਕਰਣ ਅਤੇ ਖਾਣ ਦੇ ਯੋਗ ਨਹੀਂ ਰਹਿੰਦੇ। ਇਸ ਨਾਲ ਝਾੜ ਦਾ ਵੀ ਕਾਫੀ ਨੁਕਸਾਨ ਹੋ ਜਾਂਦਾ ਹੈ।

**ਰੋਕਥਾਮ** : ਫਲ ਦੇ ਗੜੂਏ ਦੀ ਰੋਕਥਾਮ ਲਈ 50 ਮਿਲੀਲੀਟਰ ਕੋਰਾਜ਼ਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 50 ਮਿਲੀਲੀਟਰ ਟਰੇਸਰ 45 ਐਸ. ਸੀ. (ਸਪਾਈਨੋਸੈਡ) ਜਾਂ 250 ਮਿਲੀਲੀਟਰ ਰੀਜੈਂਟ 5 ਐਸ. ਸੀ. (ਫਿਪਰੋਨਿਲ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪੱਕੇ ਫਲ ਤੋੜ ਲਓ ਅਤੇ ਕਾਣੇ ਫਲ ਤੋੜ ਕੇ ਜ਼ਮੀਨ ਵਿੱਚ ਦਬਾ ਦਿਉ।

**ਸਾਵਧਾਨੀ** : ਫਿਪਰੋਨਿਲ ਦੇ ਛਿੜਕਾਅ ਤੋਂ ਬਾਅਦ 10 ਦਿਨ ਤੱਕ ਫਲ ਨਾ ਤੋੜੋ।

**ਰਵਿੰਦਰ ਸਿੰਘ ਚੰਦੀ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 81460-39400)

# ਦਰਦਾਂ ਦਾ ਖੂਹ



ਜਨਮੇਜਾ ਸਿੰਘ ਜੌਹਲ
ਮੋ. 98159-45018

ਮਨੁੱਖ ਨੇ ਆਪਣੀਆਂ ਲੋੜਾਂ ਲਈ ਵਸੋਂ ਦਰਿਆਵਾਂ ਦੇ ਕੰਢਿਆਂ ਤੋਂ ਸ਼ੁਰੂ ਕੀਤੀ। ਫਿਰ ਦਰਿਆਵਾਂ ਤੋਂ ਦੂਰ-ਦੁਰਾਡੇ ਇਲਾਕੇ ਵਿੱਚ ਉਸ ਨੂੰ ਪਾਣੀ ਦੀ ਖੋਜ ਕਰਨੀ ਪਈ। ਇਸ ਖੋਜ ਵਿੱਚ ਸਭ ਤੋਂ ਪਹਿਲਾ ਜਿਹੜਾ ਕੰਮ ਉਸ ਨੇ ਕੀਤਾ, ਉਹ ਸੀ ਖੂਹ ਪੁੱਟਣਾ। ਖੂਹ ਪੁੱਟਣਾ ਹਰ ਇੱਕ ਦੇ ਵਸ ਦਾ ਰੋਗ ਨਹੀਂ ਸੀ। ਬਹੁਤ ਹੀ ਕਲਾਕਾਰੀ ਦਾ ਕੰਮ ਸੀ। ਪਹਿਲੋਂ-ਪਹਿਲ ਜ਼ਮੀਨ ਵਿੱਚ ਖੂਹ ਪੁੱਟਿਆ ਜਾਂਦਾ ਸੀ, ਉਦੋਂ ਉੱਤੋਂ ਚਿਣਾਈ ਕਰਦੇ ਥੱਲੇ ਨੂੰ ਜਾਈ ਜਾਂਦੇ ਸੀ। ਖੂਹ ਥੱਲਿਓਂ ਘੱਟ ਚੌੜਾ ਹੁੰਦਾ ਸੀ। ਫਿਰ ਅਗਲੀ ਤਕਨੀਕ ਜਿਹੜੀ ਆਈ, ਉਹ ਇਹ ਸੀ ਕਿ ਪਹਿਲੋਂ 30 ਤੋਂ 35 ਫੁੱਟ ਜਿਹੜਾ ਖੂਹ ਹੈ, ਉਹ ਧਰਤੀ 'ਤੇ ਉਸਾਰ ਲਿਆ ਜਾਂਦਾ ਸੀ। ਉਸ ਤੋਂ ਬਾਅਦ ਉਸ ਦੇ ਥੱਲਿਓਂ ਮਿੱਟੀ ਕੱਢ ਕੇ ਖੂਹ ਨੂੰ ਥੱਲੇ ਨੂੰ ਗਰਕਾਇਆ ਜਾਂਦਾ ਸੀ। ਜਦੋਂ ਉਹ ਥੱਲੇ ਨੂੰ ਗਰਕ ਜਾਂਦਾ ਸੀ ਤਾਂ ਉਸ ਦੇ ਰਾਹ ਵਿੱਚ ਜਿਹੜੇ ਰੇਤੇ ਦੀਆਂ ਤੈਹਾਂ ਆਉਂਦੀਆਂ ਸਨ, ਪਾਣੀ ਲਈ ਉਨ੍ਹਾਂ ਵਿੱਚ ਗਲੀਆਂ ਰੱਖ ਲਈਆਂ ਜਾਂਦੀਆਂ ਸਨ, ਜਿਨ੍ਹਾਂ ਨੂੰ 'ਬੂਝਲੀਆਂ' ਕਿਹਾ ਜਾਂਦਾ ਸੀ। ਉਸ ਵਿਚੋਂ ਹੌਲੀ-ਹੌਲੀ ਪਾਣੀ ਸਿਮ ਕੇ ਖੂਹ ਭਰ ਜਾਂਦਾ ਸੀ। ਉਸ ਵਿੱਚੋਂ ਲੱਜਾਂ ਰਾਹੀਂ ਜਾਂ ਫਿਰ ਟਿੰਡਾਂ ਰਾਹੀਂ ਪਾਣੀ ਕੱਢਿਆ ਜਾਂਦਾ ਸੀ। ਆਹ ਜਿਹੜਾ ਖੂਹ ਹੈ, ਇਹ ਖੂਹ ਦੀ ਕਹਾਣੀ ਕੁਝ ਦਰਦੀਲੀ ਹੈ, ਇਸੇ ਤਰ੍ਹਾਂ ਹੀ ਇਹ 35 ਫੁੱਟ ਦਾ ਖੂਹ ਧਰਤੀ 'ਤੇ ਬਣਾਇਆ ਗਿਆ। ਹੌਲੀ-ਹੌਲੀ ਥੱਲੇ ਨੂੰ ਜਾਣਾ ਸ਼ੁਰੂ ਹੋਇਆ ਤਾਂ ਹਾਲੇ 15 ਕੁ ਫੁੱਟ ਹੀ ਗਿਆ ਸੀ ਕਿ 1947 ਦੇ ਦੰਗੇ ਹੋ ਗਏ। ਜਿਹੜੇ ਖੂਹ ਪੁੱਟ ਰਹੇ ਸਨ, ਉਨ੍ਹਾਂ ਨੂੰ ਸਾਰਾ ਕੁਝ ਵਿੱਚੇ ਛੱਡ ਕੇ ਜਾਣਾ ਪੈ ਗਿਆ। ਇਹ ਖੂਹ 78 ਸਾਲ ਤੋਂ ਇਸੇ ਤਰ੍ਹਾਂ ਹੀ ਲੁਧਿਆਣਾ ਦੇ ਇੱਕ ਪਿੰਡ ਵਿੱਚ ਖੜ੍ਹਾ ਹੈ। ਇਹ 15 ਫੁੱਟ ਥੱਲੇ ਹੈ ਅਤੇ 21 ਫੁੱਟ ਧਰਤੀ ਦੇ ਉੱਪਰ ਹੈ। ਇਸ ਦਾ ਮਿਨਾਰ ਵਰਗਾ ਦ੍ਰਿਸ਼ ਹੈ, ਜੋ ਸਾਨੂੰ ਹਮੇਸ਼ਾਂ ਯਾਦ ਦਿਵਾਉਂਦਾ ਰਹੇਗਾ ਕਿ ਸਿਆਸੀ ਉੱਥਲ-ਪੁੱਥਲ ਭਾਵੁਕ ਰਿਸ਼ਤਿਆਂ ਦਾ ਕਿੰਨਾ ਦਰਦ ਦੇ ਸਕਦੀ ਹੈ। ਇਹ ਇੱਕ ਯਾਦਗਾਰ ਹੈ 1947 ਦੀ, ਜੋ ਅੱਜ ਵੀ ਅੱਖਾਂ ਵਿੱਚ ਅੱਥਰੂ ਲੈ ਆਉਂਦੀ ਹੈ। ਕਮਾਲ ਦੀ ਗੱਲ ਇਹ ਹੈ ਕਿ 78 ਸਾਲਾਂ ਬਾਅਦ ਵੀ ਇੱਟਾਂ ਵਿੱਚ ਰਤਾ ਭੋਰ ਨਹੀਂ ਆਇਆ। ਇੱਟਾਂ ਦੀ ਗੁਣਵੱਤਾ ਇੰਨੀ ਵਧੀਆ ਹੈ ਕਿ ਉਹ ਅੱਜ ਵੀ ਐ ਲੱਗਦੀਆਂ ਹਨ, ਜਿਵੇਂ ਹੁਣੇ ਹੀ ਕਿਸੇ ਭੱਠੇ ਤੋਂ ਆਈਆਂ ਹੋਣ। ਇਹ ਸਮੇਂ ਨੂੰ ਯਾਦ ਕਰਨ ਦਾ ਅਤੇ ਉਨ੍ਹਾਂ ਲੋਕਾਂ ਨੂੰ ਨਤਮਸਤਕ ਹੋਣ ਦਾ ਇੱਕ ਸਮਾਰਥ ਹੈ, ਜਿਨ੍ਹਾਂ ਨੂੰ ਆਪਣੇ ਘਰ-ਬਾਰ ਛੱਡਣੇ ਪਏ ਅਤੇ ਸਾਰਾ ਕੁਝ ਘਟੀਆ ਰਾਜਨੀਤੀ ਦੇ ਥੱਲੇ ਦੱਬਿਆ ਗਿਆ।

# ਕਿਸਾਨ ਵੀਰਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਝੋਨੇ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ। ਪੀ. ਆਰ.-132, ਪੀ. ਆਰ.-121, ਪੀ. ਆਰ.-122, ਪੀ. ਆਰ.-131, ਪੀ. ਆਰ.-128, ਪੀ. ਆਰ.-129, ਪੀ. ਆਰ.-



114 ਅਤੇ ਪੀ. ਆਰ.-113, ਮਈ 20 ਤੋਂ 25 ਮਈ, ਪੀ. ਆਰ.-127, ਪੀ. ਆਰ.-130 ਅਤੇ ਐਚ. ਕੇ. ਆਰ.-47 ਮਈ ਦੇ ਅਖੀਰਲੇ ਹਫਤੇ ਅਤੇ ਪੀ. ਆਰ.-126 ਕਿਸਮ ਦੀ ਪਨੀਰੀ ਦੀ ਬਿਜਾਈ 25 ਮਈ ਤੋਂ 20 ਜੂਨ ਤੱਕ ਕਰ ਸਕਦੇ ਹੋ। ਕੱਦੂ ਕਰਨ ਸਮੇਂ ਪਨੀਰੀ ਨੂੰ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ (ਹੈਪਟਾਹਾਈਡਰੇਟ) ਜਾਂ 25 ਕਿਲੋ ਜ਼ਿੰਕ ਸਲਫੇਟ (ਮੋਨੋਹਾਈਡਰੇਟ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ। ਬੀਜਣ ਤੋਂ 15 ਦਿਨਾਂ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉ। ਝੋਨੇ ਦੀ ਪਨੀਰੀ ਵਿੱਚੋਂ ਨਦੀਨਾਂ ਨੂੰ ਚੰਗੀ ਤਰ੍ਹਾਂ ਖਤਮ ਕਰਨ ਲਈ 1200 ਮਿਲੀਲੀਟਰ ਬੂਟਾਕਲੋਰ 50 ਤਾਕਤ ਨੂੰ ਬਿਜਾਈ ਤੋਂ 7 ਦਿਨਾਂ ਬਾਅਦ ਜਾਂ 500 ਮਿਲੀਲੀਟਰ ਸੋਫਿਟ 37.5 ਈ. ਸੀ. (ਪ੍ਰੈਟੀਲਾਕਲੋਰ + ਸੇਫਨਰ ਮਿਲੀਆਂ ਹੋਈਆਂ) ਨੂੰ ਬਿਜਾਈ ਤੋਂ 3 ਦਿਨਾਂ ਬਾਅਦ ਵਰਤੋ। ਕਿਸੇ ਇੱਕ ਨਦੀਨ-ਨਾਸ਼ਕ ਦੀ ਵਰਤੋਂ 60 ਕਿਲੋ ਰੇਤ ਵਿੱਚ ਮਿਲਾ ਕੇ ਕਰੋ। ਇਸੇ ਤਰ੍ਹਾਂ ਨਰਸਰੀ ਬੀਜਣ ਤੋਂ 15-20 ਦਿਨਾਂ ਬਾਅਦ ਨੋਮਿਨੀ ਗੋਲਡ 10 ਐਸ. ਸੀ. 100 ਮਿਲੀਲੀਟਰ ਪ੍ਰਤੀ ਏਕੜ ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਕਪਾਹ** : ਇਹ ਸਮਾਂ ਕਪਾਹ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਜਾਂ ਦੋਗਲੀਆਂ ਕਿਸਮਾਂ ਜਾਂ ਬੀ. ਟੀ. ਨਰਮੇ ਦੀ ਬਿਜਾਈ ਲਈ ਢੁੱਕਵਾਂ ਹੈ। ਕਪਾਹ-ਨਰਮੇ ਦੀ



ਫ਼ਸਲ ਵਿੱਚ ਨਾਗੇ ਭਰਨ ਲਈ ਲਿਫਾਫਿਆਂ ਵਿੱਚ ਬੀਜ ਲਗਾਉ। ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ। ਨਰਮਾ ਨਿੰਬੂ ਜਾਤੀ ਦੇ ਬਾਗਾਂ ਨੇੜੇ ਨਾ ਬੀਜੋ। ਨਰਮੇ ਲਾਗੇ ਭਿੰਡੀ, ਮੂੰਗੀ, ਢੈਂਚਾ, ਅਰਿੰਡ, ਅਰਹਰ ਆਦਿ ਦੀ ਫ਼ਸਲ ਵੀ ਨਾ ਲਗਾਉ। ਖੇਤ ਸਾਫ਼ ਰੱਖੋ। ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖਤਮ ਕਰ ਦਿਉ, ਕਿਉਂਕਿ ਪੱਤਾ ਮਰੋੜ ਵਾਇਰਸ ਨਰਮੇ 'ਤੇ ਹਮਲਾ ਕਰਨ ਤੋਂ ਪਹਿਲਾਂ ਇੱਥੇ ਹੀ ਪਲਦਾ ਹੈ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿੱਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਉ।

**ਕਮਾਦ** : ਮੌਸਮੀ ਘਾਹ, ਮੋਥੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਗ੍ਰਾਮ ਟ੍ਰਿਸਕੇਲ/ਟ੍ਰਿਸ਼ੂਕ (2,4-ਡੀ ਸੋਡੀਅਮ ਸਾਲਟ 44% + ਮੈਟਰੀਬਿਊਜ਼ਿਨ 35% + ਪਾਈਰੈਜ਼ੋਸਲਫੂਰਾਨ ਈਥਾਈਲ 1.0%) ਡਬਲਯੂ. ਡੀ. ਜੀ. ਜਾਂ 1000 ਗ੍ਰਾਮ ਸਿੰਡੀਕਾ (2,4-ਡੀ ਸੋਡੀਅਮ ਸਾਲਟ 48% + ਮੈਟਰੀਬਿਊਜ਼ਿਨ 32% + ਕਲੋਰੀਮਿਯੂਰਾਨ ਈਥਾਈਲ (0.8%) ਡਬਲਯੂ. ਡੀ. ਜੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ, ਜਦੋਂ ਨਦੀਨ 3-5 ਪੱਤਿਆਂ ਦੀ ਅਵਸਥਾ ਵਿੱਚ ਹੋਵੇ, ਛਿੜਕਾਅ ਕਰੋ। ਡੀਲਾ/ਮੋਥਾ ਦੀ ਰੋਕਥਾਮ ਲਈ 2,4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲੀਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਜੇਕਰ ਗੰਨੇ ਦੀ ਫ਼ਸਲ ਵਿੱਚ ਨਦੀਨ-ਨਾਸ਼ਕ ਵਰਤੀ ਗਈ ਹੋਵੇ ਤਾਂ ਮੂੰਗੀ/ਮਾਂਹ ਦੀ ਰਲਵੀਂ ਫ਼ਸਲ ਨਾ ਬੀਜੋ। ਫ਼ਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫ਼ੇ 'ਤੇ ਪਾਣੀ ਦਿੰਦੇ ਰਹੋ। ਮੋਢੀ ਫ਼ਸਲ ਨੂੰ 65 ਕਿਲੋ ਯੂਰੀਆ ਪ੍ਰਤੀ ਏਕੜ ਪਾਉ। ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਉ। ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ।

**ਮੱਕੀ** : ਮਈ ਮਹੀਨੇ ਦੇ ਅਖੀਰ ਵਿੱਚ ਮੱਕੀ ਦੀ ਕਾਸ਼ਤ ਸ਼ੁਰੂ ਕਰੋ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕਿਸਮਾਂ ਹੀ ਬੀਜੋ। ਖੇਤਾਂ ਵਿੱਚ ਮੱਕੀ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ 'ਤੇ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ 'ਤੇ ਵੱਟਾਂ ਦੇ ਪਾਸੇ 'ਤੇ 6-7 ਸੈਂਟੀਮੀਟਰ ਦੀ ਉੱਚਾਈ 'ਤੇ ਬਿਜਾਈ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ। ਬੈੱਡ ਬਣਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੈਡ ਜਾਂ ਵੱਟਾਂ 'ਤੇ ਮੱਕੀ ਦੀ ਬਿਜਾਈ ਕਰਨ ਨਾਲ ਮੱਕੀ ਦੇ ਉਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ



ਜਾਂਦੀ ਹੈ। ਇੰਝ ਮੱਕੀ ਡਿੱਗੇਗੀ ਵੀ ਨਹੀਂ ਅਤੇ ਝਾੜ ਵੀ ਚੋਖਾ ਮਿਲੇਗਾ। ਖਾਦਾਂ ਮਿੱਟੀ ਪਰਖ ਦੇ ਆਧਾਰ 'ਤੇ ਪਾਉ। ਹਾਈਬ੍ਰਿਡ ਪੀ. ਐਮ. ਐਚ.-1, 11, 13, 14 ਅਤੇ 17, ਡੀ. ਕੇ. ਸੀ.-9144, ਬਾਇਓਸੀਡ-9788, ਏ. ਡੀ. ਵੀ.-9293, ਜੇ. ਸੀ.-12 ਅਤੇ ਪੰਜਾਬ ਸਵੀਟ ਕਾਰਨ-1 ਨੂੰ ਬਿਜਾਈ ਸਮੇਂ 35 ਕਿਲੋ ਯੂਰੀਆ (ਇੱਕ-ਤਿਹਾਈ) ਅਤੇ ਪੀ. ਐਮ. ਐਚ.-2, ਜੇ. ਸੀ.-4 ਅਤੇ ਪਰਲ ਪਾਪਕਾਰਨ ਨੂੰ 25 ਕਿਲੋ ਯੂਰੀਆ (ਇੱਕ-ਤਿਹਾਈ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਬਿਜਾਈ ਤੋਂ ਪਹਿਲਾਂ ਗਲੀ-ਸੜੀ ਰੂੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜੇਕਰ ਕਣਕ ਦੇ ਵੱਢ ਵਿੱਚ ਮੱਕੀ ਬੀਜੀ ਹੈ, ਜਿਸ ਨੂੰ ਸਿਫਾਰਿਸ਼ ਮੁਤਾਬਿਕ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ। ਪੋਟਾਸ਼ ਖਾਦ ਦੀ ਵਰਤੋਂ ਤਾਂ ਹੀ ਕਰੋ, ਜੇਕਰ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੋਵੇ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਐਟਰਾਟਾਫ/ਐਟਰਾਗੋਲਡ 50 ਡਬਲਯੂ. ਪੀ. (ਐਟਰਾਜ਼ੀਨ) ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਮੂੰਗੀ** : ਸੱਠੀ ਮੂੰਗੀ ਦੀ ਫ਼ਸਲ ਨੂੰ ਅਖੀਰਲਾ ਪਾਣੀ ਬਿਜਾਈ ਦੇ 55 ਦਿਨਾਂ ਬਾਅਦ ਬੰਦ ਕਰ ਦਿਉ। ਅਜਿਹਾ ਕਰਨ ਨਾਲ ਫ਼ਸਲ ਇੱਕੋ ਸਮੇਂ ਪੱਕ



ਜਾਵੇਗੀ। ਸੱਠੀ ਮੂੰਗੀ ਉਪਰ ਜੂੰ (ਥਰਿੱਪ) ਦਾ ਬਹੁਤ ਜ਼ਿਆਦਾ ਹਮਲਾ ਹੁੰਦਾ ਹੈ, ਜੋ ਕਿ ਛੋਟੇ, ਕਾਲੇ ਭੂਰੇ ਫੁੱਲਾਂ ਵਿੱਚ ਹੁੰਦੇ ਹਨ, ਜਿਸ ਕਾਰਨ ਫੁੱਲ ਝੜ ਜਾਂਦੇ ਹਨ। ਜੂੰ (ਥਰਿੱਪ) ਨਾਲ ਫਲੀਆਂ ਭੈੜੀ ਸ਼ਕਲ ਦੀਆਂ ਹੋ ਜਾਂਦੀਆਂ ਹਨ ਅਤੇ ਦਾਣਿਆਂ ਦੀ ਗੁਣਵੱਤਾ ਘਟਣ ਦੇ ਨਾਲ-ਨਾਲ ਇਸ ਦਾ ਝਾੜ ਵੀ ਬਹੁਤ ਜ਼ਿਆਦਾ ਘਟ ਜਾਂਦਾ ਹੈ। ਮੂੰਗੀ ਦੀ ਫ਼ਸਲ ਨੂੰ ਅਖੀਰਲਾ ਪਾਣੀ ਬਿਜਾਈ ਦੇ 55 ਦਿਨਾਂ ਬਾਅਦ ਬੰਦ ਕਰ ਦਿਉ। ਅਜਿਹਾ ਕਰਨ ਨਾਲ ਫ਼ਸਲ ਇੱਕੋ ਸਮੇਂ ਪੱਕ ਜਾਵੇਗੀ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ। ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ, ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ।

**ਸਬਜ਼ੀਆਂ** : ਵੱਧ ਝਾੜ ਲੈਣ ਲਈ ਵੇਲਾਂ ਵਾਲੀਆਂ ਸਬਜ਼ੀਆਂ, ਟਮਾਟਰ, ਬੈਂਗਣ, ਮਿਰਚ ਅਤੇ ਭਿੰਡੀ ਦੀ ਤੁੜਾਈ ਸਹੀ ਸਮੇਂ 'ਤੇ ਕਰਦੇ ਰਹੋ ਅਤੇ ਲੋੜ ਅਨੁਸਾਰ ਸਿੰਚਾਈ 4-5 ਦਿਨਾਂ ਦੇ ਵਕਫੇ 'ਤੇ ਕਰਦੇ ਰਹੋ। ਇਹ ਸਮਾਂ ਪਿਆਜ਼ ਦੀਆਂ ਕਿਸਮਾਂ ਪੀ. ਆਰ. ਓ.-7, ਪੰਜਾਬ ਨਰੋਆ,



ਪੀ. ਵਾਈ. ਓ.-1, ਪੀ. ਡਬਲਯੂ. ਓ.-2 ਅਤੇ ਹਾਈਬ੍ਰਿਡ ਪੀ. ਓ. ਐਚ.-1 ਦੀ ਪੁਟਾਈ ਲਈ ਢੁੱਕਵਾਂ ਹੈ। ਟਮਾਟਰ ਦੀ ਫਸਲ ਨੂੰ ਅਗੇਤੇ ਝੁਲਸ ਰੋਗ ਤੋਂ ਬਚਾਉਣ ਲਈ 200 ਲੀਟਰ ਪਾਣੀ ਵਿਚ ਇੰਡੋਫਿਲ ਐਮ-45 ਅਤੇ 600 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਭਿੰਡੀ



ਦੀ ਫਸਲ 'ਤੇ ਜੇਕਰ ਜੈਸਿਡ (ਤੇਲੇ) ਦੀ ਗਿਣਤੀ ਪ੍ਰਤੀ ਪੱਤੇ 'ਤੇ 4 ਬੱਚੇ ਹੋ ਜਾਵੇ ਤਾਂ ਇਸ ਦੀ ਰੋਕਥਾਮ ਲਈ 80 ਮਿਲੀਲੀਟਰ ਇਕੋਟਿਨ 5% (ਨਿੰਮ ਆਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲੀਟਰ ਪੀ. ਏ. ਯੂ. ਨਿੰਮ ਦਾ ਘੋਲ ਜਾਂ 40 ਮਿਲੀਲੀਟਰ ਕੋਨਫੀਡੋਰ 17.8 ਐਸ. ਐਲ. (ਇਮੀਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ 25 ਡਬਲਯੂ. ਜੀ. (ਥਾਇਆਮੈਥੋਕਸਮ) ਜਾਂ 560 ਮਿਲੀਲੀਟਰ ਮੈਲਾਥੀਆਨ 50 ਈ. ਸੀ. ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ. ਸੀ. (ਫੈਨਵੈਲਰੇਟ) ਨੂੰ 100-125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਉ। ਕੋਨਫੀਡੋਰ ਜਾਂ ਐਕਟਾਰਾ ਦੇ ਛਿੜਕਾਅ ਤੋਂ ਇੱਕ ਦਿਨ ਤੱਕ ਫਲ ਨਾ ਤੋੜੋ। ਮਿਰਚ ਵਿੱਚ ਫਲ ਦਾ ਗੜੂੰਏਂ ਦੀ ਰੋਕਥਾਮ ਲਈ 50 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 50 ਮਿਲੀਲੀਟਰ ਟਰੇਸਰ 45 ਐਸ. ਸੀ. (ਸਪਾਈਨੋਸੈਡ) ਜਾਂ 250 ਮਿਲੀਲੀਟਰ ਰੀਜੈਂਟ 5 ਐਸ. ਸੀ. (ਫਿਪਰੋਨਿਲ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪੱਕੇ ਫਲ ਤੋੜ ਲਉ ਅਤੇ ਕਾਣੇ ਫਲ ਤੋੜ ਕੇ ਜ਼ਮੀਨ ਵਿੱਚ ਦਬਾ ਦਿਉ।

**ਬਾਗਬਾਨੀ** : ਫਲਦਾਰ ਬੂਟਿਆਂ ਖਾਸ ਕਰਕੇ ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਜਿਹਨਾਂ ਉਪਰ ਇਸ ਸਮੇਂ ਫਲ ਲੱਗਿਆ ਹੋਇਆ ਹੈ, ਉਹਨਾਂ ਵਿੱਚ ਲਗਾਤਾਰ ਸਿੱਲ੍ਹ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ। ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜ਼ੂਰ ਦੇ ਪੱਤਿਆਂ ਨਾਲ ਛੌਰਾ ਬਣਾਈ ਰੱਖੋ। ਅਮਰੂਦਾਂ ਦੇ ਬਾਗਾਂ ਵਿੱਚ ਨਦੀਨਾਂ ਨੂੰ ਕਾਬੂ ਹੇਠ ਰੱਖਣ ਅਤੇ ਪਾਣੀ ਦੀ ਬੱਚਤ ਲਈ ਝੋਨੇ ਦੀ ਪਰਾਲੀ ਨਾਲ ਮਲਚਿੰਗ ਕੀਤੀ ਜਾ ਸਕਦੀ ਹੈ। ਮਲਚਿੰਗ ਕਰਨ ਤੋਂ ਪਹਿਲਾਂ ਬੂਟਿਆਂ ਨੂੰ ਰਸਾਇਣਿਕ ਖਾਦਾਂ ਦੀ ਪਹਿਲੀ ਕਿਸ਼ਤ ਪਾ ਦਿਉ। ਬੇਰ ਅਤੇ ਅਮਰੂਦ ਦੇ ਬਾਗ ਨੂੰ ਛੱਡ ਕੇ ਇਸ ਮਹੀਨੇ ਬਾਗਾਂ ਦੀ ਵਹਾਈ ਤੋਂ ਪਰਹੇਜ ਕਰੋ। ਨਦੀਨਾਂ ਦੀ ਰੋਕਥਾਮ ਲਈ ਸਰਵਪੱਖੀ ਉਪਰਾਲੇ ਅਪਣਾਉ।

**ਪਸ਼ੂ-ਪਾਲਣ** : ਕਈ ਵਾਰ ਗਰਮੀਆਂ ਵਿੱਚ ਪਸ਼ੂ ਦੀ ਨਸੀਰ ਫੱਟ ਜਾਂਦੀ ਹੈ ਤਾਂ ਉਸ ਸਮੇਂ ਉਸਦੇ ਸਿਰ 'ਤੇ ਬਰਫ ਵਾਲਾ ਠੰਡਾ ਪਾਣੀ ਪਾਉ। ਸਿਖਰ ਦੁਪਹਿਰੇ ਪਸ਼ੂਆਂ ਤੋਂ ਕੰਮ ਨਾ ਲਉ ਅਤੇ ਉਨ੍ਹਾਂ ਨੂੰ ਠੰਡੀ ਜਗ੍ਹਾ ਰੱਖਣ ਦਾ ਵੀ ਪ੍ਰਬੰਧ ਕਰੋ। ਗਰਮ ਮੌਸਮ ਵਿੱਚ ਮੱਝਾਂ ਵਿੱਚ ਗੂੰਗੀ ਹੀਟ ਦੀ ਸਮੱਸਿਆ ਆਉਂਦੀ ਹੈ, ਸੋ ਇੱਕ ਸੂਝਵਾਨ ਕਾਮੇ ਨੂੰ ਪਸ਼ੂ ਦੀ ਦੇਖਭਾਲ ਲਈ ਰੱਖੋ ਜੋ ਕਿ ਸਵੇਰੇ-ਸ਼ਾਮ ਉਸ ਨੂੰ ਧਿਆਨ ਨਾਲ ਹੀਟ ਦੀਆਂ ਨਿਸ਼ਾਨੀਆਂ ਲਈ ਚੈਕ ਕਰੇ। ਪਸ਼ੂ ਨੂੰ ਤਾਜ਼ਾ ਸਾਫ਼ ਪਾਣੀ ਦਿਉ ਅਤੇ ਛੱਪੜ ਜਾਂ ਟੋਭੇ ਦਾ ਗੰਦਾ ਪਾਣੀ ਕਦੇ ਵੀ ਨਾ ਪੀਣ ਦਿਉ, ਕਿਉਂਕਿ ਇਸ ਨਾਲ ਉਹ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ।

# ਝੋਨੇ ਦੀ ਸਿੱਧੀ ਬਿਜਾਈ 'ਤੇ ਕਿਸਾਨਾਂ ਦਾ ਨਹੀਂ ਟਿਕ ਰਿਹਾ ਮਨ



ਪੰਜਾਬ ਦਾ ਜ਼ਮੀਨਦੋਜ਼ ਪਾਣੀ ਦਿਨੋਂ ਦਿਨ ਹੇਠਾਂ ਵੱਲ ਜਾ ਰਿਹਾ ਹੈ ਪਰ ਹਰ ਸਾਲ ਝੋਨੇ ਦੀ ਲਵਾਈ ਸਮੇਂ ਕਿਸਾਨਾਂ ਵੱਲੋਂ ਅੰਨ੍ਹੇਵਾਹ ਧਰਤੀ ਹੇਠੋਂ ਪਾਣੀ ਕੱਢਿਆ ਜਾਂਦਾ ਹੈ। ਪਾਣੀ ਦਾ ਪੱਧਰ ਹੇਠਾਂ ਜਾਣ ਕਾਰਨ ਵਾਤਾਵਰਣ ਪ੍ਰੇਮੀ ਇਸ ਸਬੰਧੀ ਡਾਹਢੇ ਫਿਕਰਮੰਦ ਹਨ ਤੇ ਉਹ ਵਾਰ-ਵਾਰ ਸਰਕਾਰਾਂ ਨੂੰ ਬੇਨਤੀਆਂ ਕਰ ਰਹੇ ਹਨ ਕਿ ਕਿਸਾਨਾਂ ਨੂੰ ਝੋਨੇ ਦੇ ਰਵਾਇਤੀ ਚੱਕਰ 'ਚੋਂ ਬਾਹਰ ਕੱਢਿਆ ਜਾਵੇ। ਸਰਕਾਰਾਂ ਵੱਲੋਂ ਭਾਵੇਂ ਆਪਣੇ ਪੱਧਰ 'ਤੇ ਝੋਨੇ ਲਾਉਣ ਦੀ ਤਕਨੀਕ ਨੂੰ ਬਦਲ ਕੇ ਸਿੱਧੀ ਬਿਜਾਈ ਲਾਉਣ ਲਈ ਪ੍ਰੇਰਿਆ ਜਾ ਰਿਹਾ ਹੈ ਪਰ ਕਿਸਾਨਾਂ ਦਾ 'ਮਨ' ਝੋਨੇ ਦੀ ਸਿੱਧੀ ਬਿਜਾਈ 'ਤੇ ਨਹੀਂ ਖੜ੍ਹ ਰਿਹਾ। ਕਿਸਾਨ ਹਾਲੇ ਵੀ ਝੋਨੇ ਦੀ ਬਿਜਾਈ ਦਾ ਰਵਾਇਤੀ ਤਰੀਕਾ ਬਦਲਣ ਤੋਂ ਡਰਦੇ ਹਨ। ਹਾਲਾਂਕਿ ਜ਼ਿਲ੍ਹੇ ਦੇ ਕਾਫੀ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰ ਵੀ ਰਹੇ ਹਨ ਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਮੇਂ ਦੇ ਅਨੁਸਾਰ ਅੱਜ ਦੀ ਲੋੜ ਵੀ ਹੈ।

ਪਿਛਲੇ ਸਾਲ 2024 ਵਿਚ ਵੀ ਜ਼ਿਲ੍ਹੇ 'ਚ 10,200 ਹੈਕਟੇਅਰ 'ਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਸੀ ਜਦਕਿ ਟੀਚਾ 30 ਹਜ਼ਾਰ ਏਕੜ ਦਾ ਹੈ, ਜੇਕਰ ਧਰਤੀ ਹੇਠਲਾ ਪਾਣੀ ਬਚਾਉਣਾ ਹੈ ਤਾਂ ਕਿਸਾਨਾਂ ਨੂੰ ਝੋਨੇ ਲਾਉਣ ਦਾ ਰਵਾਇਤੀ ਢੰਗ ਬਦਲਣਾ ਪਵੇਗਾ।

ਇਸ ਅਹਿਮ ਮਸਲੇ 'ਤੇ ਕਈ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਜਿਹੜੇ ਪਿਛਲੇ ਕਈ ਸਾਲਾਂ ਤੋਂ ਝੋਨਾ ਲਾਉਂਦੇ ਆ ਰਹੇ ਹਨ। ਪਿੰਡ ਨਰੂਆਣਾ ਦੇ ਕਿਸਾਨ ਗੁਰਪਿਆਰ ਸਿੰਘ ਢਿੱਲੋਂ ਤੇ ਕੁਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਵਾਈ ਜਾ ਰਹੀ ਹੈ, ਉਹ ਬਹੁਤੀ ਕਾਮਯਾਬ ਨਹੀਂ ਹੈ। ਝੋਨੇ ਦੀ ਸਿੱਧੀ ਬਿਜਾਈ ਵਾਲੇ ਝੋਨੇ 'ਚ ਕੱਖ ਕੰਡਾ ਬਹੁਤ ਹੁੰਦਾ ਹੈ, ਜੋ ਉਨ੍ਹਾਂ ਲਈ ਵੱਡੀ ਸਿਰਦਰਦੀ ਹੈ। ਉਨ੍ਹਾਂ ਦੱਸਿਆ ਕਿ ਕਈ ਕਿਸਾਨਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਕੇ ਵੇਖੀ ਗਈ ਹੈ ਪਰ ਇਹ ਰਾਸ ਨਹੀਂ। ਫਿਰ ਉਹ ਦੁਬਾਰਾ ਝੋਨਾ ਲਾਉਣ ਦਾ ਪੁਰਾਣਾ ਢੰਗ ਹੀ ਵਰਤਣ ਲੱਗ ਪਏ। ਪਿੰਡ ਕੋਟਗੁਰੂ ਦੇ ਕਿਸਾਨ ਜਗਤਾਰ ਸਿੰਘ ਰੰਧਾਵਾ ਨੇ ਦੱਸਿਆ ਕਿ ਉਨ੍ਹਾਂ ਲਗਾਤਾਰ ਤਿੰਨ ਸਾਲ ਝੋਨੇ ਦੀ ਸਿੱਧੀ ਬਿਜਾਈ ਕੀਤੀ ਪਰ ਖੇਤੀਬਾੜੀ ਵਿਭਾਗ ਵੱਲੋਂ ਸਾਥ ਨਹੀਂ ਦੇਣ ਕਾਰਨ ਉਨ੍ਹਾਂ ਇਸ ਦਾ ਖਹਿੜਾ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ 'ਚ ਸਭ ਤੋਂ ਵੱਡੀ ਸਮੱਸਿਆ ਕੱਖਾਂ ਦੀ ਹੈ, ਝੋਨੇ ਤੋਂ ਜ਼ਿਆਦਾ ਕੱਖ ਹੋ ਜਾਂਦੇ ਹਨ, ਜਿਨ੍ਹਾਂ ਨੂੰ ਕੱਢਣਾ ਬੇਹੱਦ ਔਖਾ ਕੰਮ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿੱਧੀ ਬਿਜਾਈ ਕਾਰਨ ਝੋਨੇ ਦਾ ਝਾੜ ਵੀ ਘਟਦਾ ਹੈ ਤੇ ਪਾਣੀ ਦੀ ਵੀ ਕੋਈ ਬਚਤ ਨਹੀਂ ਹੁੰਦੀ। ਕਈ ਕਿਸਾਨਾਂ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ, ਉਨ੍ਹਾਂ 'ਚੋਂ ਕਈਆਂ ਨੂੰ ਸਰਕਾਰ ਵੱਲੋਂ ਦਿੱਤੀ ਜਾਂਦੀ 1500 ਰੁਪਏ ਸਹਾਇਤਾ ਰਾਸ਼ੀ ਵੀ ਨਹੀਂ ਮਿਲੀ, ਜਿਸ ਕਾਰਨ ਕਿਸਾਨਾਂ ਨੂੰ ਨਿਰਾਸ਼ਾ ਹੋਈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਝੋਨੇ ਦੀ ਸਿੱਧੀ ਬਿਜਾਈ ਦੀ ਥਾਂ ਕਿਸਾਨਾਂ ਨੂੰ ਨਹਿਰੀ ਪਾਣੀ ਦੇਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਨੂੰ ਜ਼ਮੀਨ 'ਚੋਂ ਪਾਣੀ ਕੱਢਣ ਦੀ ਲੋੜ ਹੀ ਨਾ ਪਵੇ। ਉਨ੍ਹਾਂ ਕਿਹਾ ਕਿ ਸਿੱਧੀ ਬਿਜਾਈ ਦੂਸਰੇ ਝੋਨੇ ਤੋਂ ਲਗਭਗ ਇਕ ਮਹੀਨਾ ਪਹਿਲਾਂ ਸ਼ੁਰੂ ਹੋ ਜਾਂਦੀ ਹੈ, ਉਸ ਦਿਨ ਤੋਂ ਹੀ ਪਾਣੀ ਦੀ ਖਪਤ ਸ਼ੁਰੂ ਹੋਣ ਲੱਗ ਜਾਂਦੀ ਹੈ।

## ਜ਼ਿਲ੍ਹਾ ਖੇਤੀਬਾੜੀ ਅਫਸਰ ਦੀ ਕਿਸਾਨਾਂ ਨੂੰ ਸਲਾਹ

ਇਸ ਸਬੰਧੀ ਗੱਲਬਾਤ ਕਰਦਿਆਂ ਜ਼ਿਲ੍ਹਾ ਖੇਤੀਬਾੜੀ ਅਫਸਰ ਜਗਦੀਸ਼ ਸਿੰਘ ਨੇ ਦੱਸਿਆ ਕਿ ਇਸ ਵਾਰ ਪੰਜਾਬ ਸਰਕਾਰ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਿੱਧੀ ਬਿਜਾਈ ਪਹਿਲਾਂ ਨਾਲੋਂ ਜ਼ਿਆਦਾ ਏਰੀਏ 'ਚ ਕਰਵਾਈ ਜਾਵੇ, ਇਸ ਲਈ ਪੂਰੇ ਜ਼ਿਲ੍ਹੇ 'ਚ 30 ਹਜ਼ਾਰ ਏਕੜ ਦਾ ਟੀਚਾ ਮਿੱਥਿਆ ਗਿਆ ਹੈ ਪਰ ਪਿਛਲੇ ਸਾਲ ਨਾਲੋਂ ਇਸ ਵਾਰ ਜ਼ਿਆਦਾ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਲਈ ਪੁਰਾਣੇ ਖੇਤਾਂ ਦੀ ਚੋਣ ਕੀਤੀ ਜਾਵੇ, ਜਿੱਥੇ ਦੋ ਤਿੰਨ ਸਾਲਾਂ ਤੋਂ ਝੋਨਾ ਲੱਗਦਾ ਹੋਵੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ 2010 ਤੋਂ ਲੱਗਿਆ ਹੋਇਆ ਹੈ, ਜਿਹੜੇ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਕਰਨੀ ਹੁੰਦੀ ਹੈ ਉਹ ਇਕ ਵਾਰ ਉਨ੍ਹਾਂ ਨਾਲ ਤਾਲਮੇਲ ਜ਼ਰੂਰ ਕਰਨ। ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਇਕ ਦੋ ਸਾਲ ਕਰਕੇ ਛੱਡ ਦਿੱਤੀ ਹੈ, ਉਨ੍ਹਾਂ ਨੇ ਖੇਤ ਦੀ ਚੋਣ ਗਲਤ ਕੀਤੀ ਹੈ, ਸਿੱਧੀ ਬਿਜਾਈ ਲਈ ਖੇਤ 'ਚ ਹਲਕੀ ਵਹਾਈ ਕੀਤੀ ਹੋਵੇ ਤੇ ਕੰਪਿਊਟਰ ਕਰਾਹਾ ਲੱਗਿਆ ਹੋਵੇ। ਵਰਖਾ ਦੇ ਮੌਸਮ ਦੌਰਾਨ ਸਿੱਧੀ ਬਿਜਾਈ ਨਹੀਂ ਕਰਨੀ ਚਾਹੀਦੀ।

## ਝੋਨੇ ਦੀ ਸਿੱਧੀ ਬਿਜਾਈ ਬਾਰੇ ਹੋਰ ਯਤਨ ਹੋਣੇ ਚਾਹੀਦੇ ਹਨ

ਇਸ ਸਬੰਧੀ ਵਾਤਾਵਰਣ ਪ੍ਰੇਮੀਆਂ ਦਾ ਕਹਿਣਾ ਹੈ ਕਿ ਪੰਜਾਬ ਦਾ ਕਿਸਾਨ ਨਵੇਂ ਖੇਤੀ ਢੰਗ ਅਪਣਾਉਣ ਤੋਂ ਡਰਦਾ ਹੈ, ਜਿਸ ਕਾਰਨ ਉਹ ਪੁਰਾਣੇ ਢੰਗ ਨਾਲ ਹੀ ਖੇਤੀ ਕਰਨ 'ਚ ਖੁਸ਼ ਹੈ ਪਰ ਜੇਕਰ ਅੱਜ ਅਸੀਂ ਨਾ ਸੰਭਲੇ ਤਾਂ ਆਉਣ ਵਾਲਾ ਸਮਾਂ ਖ਼ਤਰਨਾਕ ਹੋ ਸਕਦਾ ਹੈ। ਪੰਜਾਬ ਦੇ ਵੱਡੀ ਗਿਣਤੀ ਇਲਾਕਿਆਂ ਦਾ ਜ਼ਮੀਨਦੋਜ਼ ਪਾਣੀ ਦਾ ਪੱਧਰ ਬਹੁਤ ਹੇਠਾਂ ਤੱਕ ਪਹੁੰਚ ਗਿਆ ਹੈ। ਉਹ ਕਿਸਾਨਾਂ ਨੂੰ ਲੰਮੇ ਸਮੇਂ ਤੋਂ ਜੈਵਿਕ ਖੇਤੀ, ਸਬਜ਼ੀਆਂ ਤੇ ਹੋਰ ਚੀਜ਼ਾਂ ਬੀਜਣ ਲਈ ਉਤਸ਼ਾਹਤ ਕਰਦੇ ਆ ਰਹੇ ਹਨ ਪਰ ਹਾਲੇ ਕਿਸਾਨ ਰਵਾਇਤੀ ਚੱਕਰ 'ਚੋਂ ਬਾਹਰ ਨਹੀਂ ਆਇਆ। ਸਰਕਾਰ ਨੂੰ ਸਿੱਧੀ ਬਿਜਾਈ ਲਈ ਹੋਰ ਯਤਨ ਕਰਨੇ ਪੈਣਗੇ।

ਕਿਸਾਨਾਂ ਨੂੰ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਬਾਹਰ ਕੱਢਣ ਵਿੱਚ ਸਰਕਾਰਾਂ ਰਹੀਆਂ ਅਸਫਲ

# ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਤਣ ਚਿੰਤਾਜਨਕ ਪੱਧਰ ਤੱਕ ਡਿਗਿਆ

ਦੇਸ਼ ਦੀ ਹਰੀ ਕ੍ਰਾਂਤੀ ਦੇ ਬਾਨੀ ਕਹੇ ਜਾਣ ਵਾਲੇ ਪੰਜਾਬ ਦੀ ਧਰਤੀ ਵਿੱਚੋਂ ਨਿਰੰਤਰ ਪਾਣੀ ਕੱਢੇ ਜਾਣ ਕਾਰਨ ਪਿਛਲੇ ਚਾਰ ਦਹਾਕਿਆਂ ਤੋਂ ਸੂਬੇ ਦਾ ਧਰਤੀ ਹੇਠਲਾ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ ਤੱਕ ਘੱਟ ਗਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿੱਚੋਂ 109 ਬਲਾਕਾਂ ਨੂੰ ਧਰਤੀ ਹੇਠਲਾ ਪਾਣੀ ਬਹੁਤਾਤ ਵਿੱਚ ਕੱਢੇ ਜਾਣ ਕਾਰਨ ਜ਼ਿਆਦਾ ਸ਼ੋਸ਼ਣ ਕਰਨ ਵਾਲੇ ਬਲਾਕ ਐਲਾਨ ਦਿੱਤਾ ਗਿਆ ਹੈ। ਜਦੋਂਕਿ ਸੂਬੇ ਦੇ ਬਚਦੇ 2 ਬਲਾਕ ਨਾਜ਼ੁਕ, 5 ਬਲਾਕ ਅਰਧ ਨਾਜ਼ੁਕ ਅਤੇ 22 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਸੁਰੱਖਿਅਤ ਪਾਇਆ ਗਿਆ ਹੈ। ਹੁਣ ਤੱਕ ਤਾਂ ਇਹ ਅੰਕੜਾ ਹੋਰ ਵੀ ਚਿੰਤਾਜਨਕ ਸਥਿਤੀ ਵੱਲ ਵੱਧ ਰਿਹਾ ਹੈ। ਧਰਤੀ ਹੇਠਲਾ ਪਾਣੀ ਬਚਾਉਣ ਲਈ 'ਆਪ' ਸਰਕਾਰ ਨੇ ਖੇਤਾਂ ਦੀ ਸਿੰਚਾਈ ਨਹਿਰੀ ਪਾਣੀ ਸੂਏ, ਪਾਈਪਾਂ ਅਤੇ ਖਾਲਾਂ ਰਾਹੀਂ ਖੇਤਾਂ ਤੱਕ ਪਹੁੰਚਾਉਣ ਦਾ ਕੰਮ ਅਰੰਭਿਆ ਸੀ, ਪਰ ਹਾਲੇ ਤੱਕ ਇਹ ਕਾਰਜ ਪੂਰਾ ਅਮਲ ਵਿੱਚ ਨਹੀਂ ਆਇਆ। ਇਸ ਕਰਕੇ ਸੂਬੇ ਦੇ ਬਹੁਤੇ ਜ਼ਿਮੀਂਦਾਰ ਖੇਤਾਂ ਵਿੱਚ ਨਹਿਰੀ ਪਾਣੀ ਆਉਣ ਦੀ ਉਡੀਕ ਹੀ ਕਰ ਰਹੇ ਹਨ। ਅੰਕੜਿਆਂ ਅਨੁਸਾਰ ਸਾਲ 1984 ਵਿੱਚ ਸੂਬੇ ਦੇ 118 ਬਲਾਕਾਂ ਵਿੱਚੋਂ 53 ਬਲਾਕਾਂ ਦੇ ਪਾਣੀ ਦੇ ਪੱਧਰ ਨੂੰ ਡਾਰਕ ਜ਼ੋਨ ਐਲਾਨ ਦਿੱਤਾ ਗਿਆ ਸੀ ਅਤੇ ਸਾਲ 1980



ਵਿੱਚ ਪੰਜਾਬ ਵਿੱਚ 6 ਲੱਖ ਤੋਂ ਵੱਧ ਟਿਊਬਵੈੱਲ ਸਨ। ਇਹ ਅੰਕੜਾ ਹੁਣ 14 ਲੱਖ 76 ਹਜ਼ਾਰ ਤੋਂ ਵੀ ਵੱਧ ਗਿਆ ਹੈ। ਧਰਤੀ ਹੇਠਲਾ ਪਾਣੀ ਡੂੰਘੇ ਹੋਣ ਪਿੱਛੇ ਵੱਖ-ਵੱਖ ਮਾਹਿਰ ਕਈ ਕਾਰਨ ਮੰਨਦੇ ਹਨ। ਪਹਿਲਾ, ਸੂਬੇ ਵਿੱਚ ਝੋਨੇ ਦੀ ਕਾਸ਼ਤ ਹੇਠਲਾ ਰਕਬਾ ਵਧਣਾ ਅਤੇ ਪੰਜਾਬ ਵਿੱਚ ਪਿਛਲੇ ਚਾਰ ਦਹਾਕਿਆਂ ਦੇ ਅਰਸੇ ਦੌਰਾਨ ਟਿਊਬਵੈੱਲਾਂ ਦੀ ਗਿਣਤੀ ਦੁੱਗਣੀ ਤੋਂ ਵੀ ਜ਼ਿਆਦਾ ਹੋ ਜਾਣਾ। ਦੂਜਾ, ਸੂਬੇ ਦੇ ਕਿਸਾਨ ਰਵਾਇਤੀ ਫ਼ਸਲ ਚੱਕਰ ਵਿੱਚੋਂ ਸ਼ਾਇਦ ਆਪ ਹੀ ਨਿਕਲਣਾ ਨਹੀਂ ਚਾਹੁੰਦੇ, ਇਸ ਫ਼ਸਲੀ ਭਿੰਨਤਾਵਾਂ ਦਾ ਫਾਰਮੂਲਾ ਪੰਜਾਬ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਿਹਾ ਹੈ। 'ਆਪ' ਸਰਕਾਰ ਵੱਲੋਂ ਮੱਕੀ, ਮੂੰਗੀ ਅਤੇ ਹੋਰ ਫ਼ਸਲਾਂ ਦਾ ਮੁੱਲ ਤੈਅ ਕਰਨ ਦੇ ਬਾਵਜੂਦ ਕਿਸਾਨ ਰਵਾਇਤੀ ਫ਼ਸਲੀ ਚੱਕਰ ਵਿੱਚ ਫਸੇ ਹੋਏ ਹਨ। ਤੀਜਾ, ਪੰਜਾਬ ਦੇ ਵਿਰਲੇ ਇਲਾਕਿਆਂ ਵਿੱਚ ਜ਼ਮੀਨ ਦੀ ਸਿੰਚਾਈ ਲਈ ਨਹਿਰੀ ਅਤੇ ਦਰਿਆਵਾਂ ਦੇ ਪਾਣੀ ਦੀ ਪਹੁੰਚ ਹੈ। ਜਿਸ ਕਰਕੇ ਸੂਬੇ ਦੀ ਜ਼ਿਆਦਾਤਰ ਭੂਮੀ ਦੀ ਸਿੰਚਾਈ ਟਿਊਬਵੈੱਲਾਂ 'ਤੇ ਹੀ ਨਿਰਭਰ ਹੈ। ਚੌਥਾ, ਭਾਰਤ ਅਤੇ ਪੰਜਾਬ ਦੇ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਨੂੰ ਛੱਡ ਕੇ ਹੋਰ ਫ਼ਸਲਾਂ ਵੱਲ ਆਕਰਸ਼ਿਤ ਕਰਨ ਵਾਲੀਆਂ ਨੀਤੀਆਂ ਬਣਾਉਣ ਵਿੱਚ ਅਸਫਲ ਰਹੀ ਹੈ। ਪੰਜਵਾਂ, ਸੂਬੇ ਵਿੱਚ ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਭਰਨ ਲਈ ਰੀਚਾਰਜ ਖੂਹਾਂ ਦੀ ਘਾਟ ਹੋਣਾ ਵੀ ਹੈ। ਇਸ ਸਬੰਧੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨ ਮਲਕੀਤ ਸਿੰਘ, ਬਲਕਾਰ ਸਿੰਘ, ਜਸਵੀਰ ਸਿੰਘ ਅਤੇ ਜਤਿੰਦਰ ਸਿੰਘ ਨੇ ਇਸ ਸੰਬੰਧੀ ਦੱਸਿਆ ਕਿ ਸੂਬੇ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਘਟਣ ਪਿੱਛੇ ਕੇਵਲ ਕਿਸਾਨ ਹੀ ਜ਼ਿੰਮੇਵਾਰ ਨਹੀਂ ਹਨ, ਉਹ ਤਾਂ ਕੇਵਲ ਸਾਲ ਦੇ ਤਿੰਨ ਮਹੀਨੇ ਹੀ ਝੋਨੇ ਦੀ ਫ਼ਸਲ ਪਾਲਣ ਲਈ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ। ਜਦੋਂਕਿ ਸਨਅਤਾਂ, ਫੈਕਟਰੀਆਂ, ਉਦਯੋਗ ਅਤੇ ਤੇਜ਼ੀ ਨਾਲ ਵੱਧ ਰਹੇ ਸ਼ਹਿਰੀਕਰਨ, ਧਰਤੀ ਹੇਠਲਾ ਪਾਣੀ ਘਟਾਉਣ ਦੀ ਜ਼ਿਆਦਾ ਜ਼ਿੰਮੇਵਾਰ ਹੈ। ਜ਼ਿਮੀਂਦਾਰਾਂ ਦਾ ਕਹਿਣਾ ਸੀ ਕਿ ਜੇਕਰ ਸਰਕਾਰ ਹੋਰ ਫ਼ਸਲਾਂ ਦਾ ਮੰਡੀਕਰਨ ਕਰੇ, ਜਿਸ ਤੋਂ ਉਨ੍ਹਾਂ ਨੂੰ ਝੋਨੇ ਦੀ ਫ਼ਸਲ ਜਿੰਨੀ ਆਮਦਨ ਹੋਵੇ, ਤਾਂ ਉਹ ਝੋਨਾ ਕਿਉਂ ਲਗਾਉਣ। ਉਹ ਝੋਨਾ ਛੱਡਣ ਨੂੰ ਤਿਆਰ ਹਨ, ਜੇਕਰ ਸਰਕਾਰ ਉਨ੍ਹਾਂ ਨੂੰ ਹੋਰ ਫ਼ਸਲਾਂ ਰਾਹੀਂ ਉਨ੍ਹਾਂ ਦੀ ਆਮਦਨ ਨੂੰ ਯਕੀਨੀ ਬਣਾਵੇ।

## ਝੋਨੇ ਦੀ ਸਿੱਧੀ ਬਿਜਾਈ ਨੂੰ ਨਹੀਂ ਮਿਲ ਰਿਹਾ ਪੰਜਾਬ ਵਿੱਚ ਹੁੰਗਾਰਾ

ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ (ਡੀ. ਐਸ. ਆਰ.) ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਸਹਾਇਤਾ ਦੇਣ ਦੇ ਐਲਾਨ ਦੇ ਬਾਵਜੂਦ ਸੂਬੇ ਦੇ ਬਹੁਤੇ ਕਿਸਾਨ ਕੱਦੂ ਕਰਕੇ ਝੋਨਾ ਲਗਾਉਣ ਨੂੰ ਤਰਜ਼ੀਹ ਦਿੰਦੇ ਨਜ਼ਰ ਆ ਰਹੇ ਹਨ। ਹੁਣ ਤੱਕ ਸੂਬੇ ਦੇ ਸਿਰਫ਼ 15 ਹਜ਼ਾਰ ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੋਈ ਹੈ। ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨਾਂ ਬਲਵੀਰ ਸਿੰਘ, ਹਰਦੀਪ ਸਿੰਘ, ਕੁਲਤਾਰ ਸਿੰਘ, ਪਰਗਟ ਸਿੰਘ ਨੇ ਦੱਸਿਆ ਕਿ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਪਿੱਛੇ ਹਮੇਸ਼ਾਂ ਕਿਸਾਨਾਂ ਨੂੰ ਜ਼ਿੰਮੇਵਾਰ ਕਿਹਾ ਜਾਂਦਾ ਹੈ, ਜਦੋਂਕਿ ਖੇਤੀਬਾੜੀ ਵਿਭਾਗ ਅਕਸਰ ਦੇਰ ਨਾਲ ਜਾਗਣ ਦਾ ਹਰਜ਼ਾਨਾ ਸੂਬੇ ਦੇ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ।

RNI Regd. No. PUNPUN00806 (42269/83)



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
An Exclusive Agri. Weekly
Excellence in Agri Info
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

### ਮੌਸਮ ਵਿਭਾਗ ਦਾ ਅਨੁਮਾਨ

# ਜੂਨ ਵਿੱਚ ਆਮ ਨਾਲੋਂ ਵੱਧ ਮਾਨਸੂਨ ਦੀ ਸੰਭਾਵਨਾ

ਭਾਰਤੀ ਮੌਸਮ ਵਿਭਾਗ (ਆਈ. ਐਮ. ਡੀ.) ਨੇ ਕਿਹਾ ਕਿ ਭਾਰਤ ਵਿੱਚ ਜੂਨ ਵਿੱਚ ਆਮ ਤੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ, ਜੋ ਲੰਬੀ ਮਿਆਦ ਦੀ ਔਸਤ ਦਾ 108 ਫੀਸਦੀ ਹੋਵੇਗੀ।



ਆਈ. ਐਮ. ਡੀ. ਨੇ ਕਿਹਾ ਕਿ ਪੂਰੇ ਮਾਨਸੂਨ ਦੌਰਾਨ ਦੇਸ਼ ਵਿੱਚ 87 ਸੈਂਟੀਮੀਟਰ ਦੀ ਲੰਬੀ ਮਿਆਦ ਦੇ ਔਸਤ ਮੀਂਹ ਦਾ 106 ਫੀਸਦੀ ਹੋ ਸਕਦਾ ਹੈ। ਧਰਤੀ ਵਿਗਿਆਨ ਮੰਤਰਾਲਾ ਦੇ ਸਕੱਤਰ ਐਮ. ਰਵੀਚੰਦਰਨ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਇਸ ਸੀਜ਼ਨ ਵਿੱਚ ਮਾਨਸੂਨ ਕੋਰ ਜ਼ੋਨ ਵਿੱਚ ਆਮ ਤੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ। ਮਾਨਸੂਨ ਕੋਰ ਜ਼ੋਨ ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਓਡਿਸ਼ਾ ਅਤੇ ਆਸ-ਪਾਸ ਦੇ ਖੇਤਰ ਸ਼ਾਮਿਲ ਹਨ। ਇਸ ਖੇਤਰ ਵਿੱਚ ਜ਼ਿਆਦਾਤਰ ਮੀਂਹ ਦੱਖਣ-ਪੱਛਮੀ ਮਾਨਸੂਨ ਦੌਰਾਨ ਪੈਂਦਾ ਹੈ ਅਤੇ ਇਹ ਖੇਤੀਬਾੜੀ ਲਈ ਕਾਫੀ ਹੱਦ ਤੱਕ ਇਸ 'ਤੇ ਨਿਰਭਰ ਕਰਦਾ ਹੈ।

ਉੱਤਰ-ਪੱਛਮੀ ਭਾਰਤ ਵਿੱਚ ਆਮ ਮੀਂਹ ਪੈਣ ਦੀ ਸੰਭਾਵਨਾ ਹੈ, ਜਦੋਂ ਕਿ ਉੱਤਰ-ਪੂਰਬ ਵਿੱਚ ਆਮ ਤੋਂ ਘੱਟ ਮੀਂਹ ਹੋ ਸਕਦਾ ਹੈ। ਆਈ. ਐਮ. ਡੀ. ਦੇ ਡਾਇਰੈਕਟਰ ਜਨਰਲ ਮ੍ਰਿਤੁੰਜੈ ਮਹਾਪਾਤਰਾ ਨੇ ਕਿਹਾ ਕਿ ਮੱਧ ਅਤੇ ਦੱਖਣੀ ਭਾਰਤ ਵਿੱਚ ਆਮ ਤੋਂ ਵੱਧ ਮੀਂਹ ਦਰਜ ਕੀਤੇ ਜਾਣ ਦੀ ਸੰਭਾਵਨਾ ਹੈ।




ਪਾਪੁਆ ਨਿਊ ਗਿਨੀ ਵਿੱਚ 2.5 ਫੁੱਟ ਤੋਂ ਵੱਧ ਲੰਬਾਈ ਵਾਲੇ ਵਿਸ਼ਾਲ ਆਕਾਰ ਦੇ ਚੂਹੇ ਨੂੰ ਦਿਖਾਉਂਦਾ ਵਿਅਕਤੀ। ਨਵੀਂ ਪ੍ਰਜਾਤੀ ਦੇ ਇਸ ਚੂਹੇ ਦੇ ਵਾਲ ਸੰਘਣੇ ਅਤੇ ਦੰਦ ਚਾਕੂ ਨਾਲੋਂ ਵੀ ਤੇਜ਼ ਹਨ।

# ਪੂਣੇ ਦੇ ਕਿਸਾਨ ਨੇ ਉਗਾਇਆ ਮਸ਼ਹੂਰ ਜਾਪਾਨੀ ਅੰਬ 'ਮੀਆਜ਼ਾਕੀ'

## ਭਾਰਤ 'ਚ ਡੇਢ ਲੱਖ ਰੁਪਏ ਪ੍ਰਤੀ ਕਿਲੋ ਹੈ ਜਾਪਾਨੀ ਅੰਬ ਦੀ ਕੀਮਤ

ਗਰਮੀਆਂ ਆਉਣ ਨਾਲ ਦੇਸ਼ ਭਰ ਦੇ ਅੰਬ ਪ੍ਰੇਮੀ ਹਾਪੁਸ, ਪੈਰੀ, ਲਾਲਬਾਗ ਅਤੇ ਕੇਸਰ ਵਰਗੇ ਮੌਸਮੀ ਪਕਵਾਨਾਂ ਦਾ ਆਨੰਦ ਲੈਣਾ ਸ਼ੁਰੂ ਕਰ ਦਿੰਦੇ ਹਨ। ਪਰ ਪੁਣੇ ਦੇ ਇਕ ਕਿਸਾਨ ਨੇ ਦੁਰਲੱਭ ਅਤੇ ਵਿਦੇਸ਼ੀ ਕਿਸਮਾਂ ਦੀ ਕਾਸ਼ਤ ਕਰਕੇ ਅੰਬਾਂ ਪ੍ਰਤੀ ਆਪਣੇ ਜਨੂੰਨ ਨੂੰ ਵਿਸ਼ਵ ਪੱਧਰ 'ਤੇ ਪਹੁੰਚਾ ਦਿੱਤਾ ਹੈ, ਜਿਸ 'ਚ ਜਪਾਨ ਦਾ ਵਿਸ਼ਵ-ਪ੍ਰਸਿੱਧ ਮੀਆਜ਼ਾਕੀ ਅੰਬ ਵੀ ਸ਼ਾਮਲ ਹੈ।

ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਵਰਵੰਡ ਪਿੰਡ ਦੇ ਕਿਸਾਨ ਅਤੇ ਸਾਬਕਾ ਸਥਾਨਕ ਨੇਤਾ ਫਾਰੂਕ ਇਨਾਮਦਾਰ ਨੇ ਸਿਰਫ ਅੱਧਾ ਏਕੜ ਜ਼ਮੀਨ 'ਤੇ 120 ਅੰਬ ਦੇ ਦਰੱਖਤ ਸਫਲਤਾਪੂਰਵਕ ਉਗਾਏ ਹਨ। ਇਨ੍ਹਾਂ 'ਚੋਂ 90 ਅੰਤਰਰਾਸ਼ਟਰੀ ਕਿਸਮਾਂ ਹਨ, ਜਦੋਂ ਕਿ 30 ਭਾਰਤ ਵਿਚ ਹੀ ਉਗਾਈਆਂ ਜਾਂਦੀਆਂ ਹਨ। ਉਸਦੇ ਕੀਮਤੀ ਸੰਗ੍ਰਹਿ 'ਚ ਮੀਆਜ਼ਾਕੀ ਅੰਬ ਵੀ ਸ਼ਾਮਲ ਹੈ, ਜੋ ਅਪਣੀ ਬਹੁਤ ਜ਼ਿਆਦਾ ਕੀਮਤ ਲਈ ਮਸ਼ਹੂਰ ਹੈ, ਜਿਸਦੀ ਕੀਮਤ ਜਪਾਨ 'ਚ 2.7 ਲੱਖ ਰੁਪਏ ਪ੍ਰਤੀ



ਕਿਲੋਗਾਮ ਅਤੇ ਭਾਰਤ ਵਿਚ ਲਗਭਗ 1.5 ਲੱਖ ਰੁਪਏ ਪ੍ਰਤੀ ਕਿਲੋਗਾਮ ਹੈ।

ਇਨਾਮਦਾਰ ਦਾ ਇਨ੍ਹਾਂ ਦੁਰਲੱਭ ਕਿਸਮਾਂ ਦੀ ਕਾਸ਼ਤ ਵਲ ਸਫਰ ਹੱਜ ਯਾਤਰਾ ਦੌਰਾਨ ਸ਼ੁਰੂ ਹੋਇਆ ਸੀ, ਜਿੱਥੇ ਉਸਨੇ ਦੁਨੀਆ ਭਰ ਦੇ ਅੰਬਾਂ ਦੀ ਇਕ ਵਿਸ਼ਾਲ ਕਿਸਮ ਦੇਖੀ। ਪ੍ਰੇਰਿਤ ਹੋ ਕੇ, ਉਸਨੇ ਵੱਖ-ਵੱਖ ਦੇਸ਼ਾਂ ਤੋਂ ਪੌਦੇ ਮੰਗਵਾਏ ਅਤੇ ਆਪਣੇ ਫਾਰਮ 'ਤੇ ਉਨ੍ਹਾਂ ਨੂੰ ਉਗਾਉਣਾ ਸ਼ੁਰੂ ਕਰ ਦਿੱਤਾ। ਦੋ ਸਾਲਾਂ ਬਾਅਦ, ਰੁੱਖਾਂ ਨੇ ਸਫਲਤਾਪੂਰਵਕ ਫਲ ਦੇਣਾ ਸ਼ੁਰੂ ਕਰ ਦਿੱਤਾ ਅਤੇ ਉਸਦੇ ਫਾਰਮ 'ਚ ਹੁਣ ਰੈੱਡ ਅਫਰੀਕਨ, ਰੈੱਡ ਤਾਈਵਾਨ, ਅਰੁਨਿਕਾ, ਕੇਲਾ ਅੰਬ, ਆਸਟਰੇਲੀਆ ਤੋਂ ਏ2 ਆਰ2, ਬੰਗਲਾਦੇਸ਼ ਤੋਂ ਕਾਟੋਮੋਨੀ ਅਤੇ ਸ਼ਾਹਜਹਾਂ ਅਤੇ ਪ੍ਰਸਿੱਧ ਮੀਆਜ਼ਾਕੀ ਵਰਗੀਆਂ ਵਿਸ਼ਵਵਿਆਪੀ ਕਿਸਮਾਂ ਮੌਜੂਦ ਹਨ। ਜਦੋਂ ਕਿ ਜ਼ਿਆਦਾਤਰ ਵਿਦੇਸ਼ੀ ਅੰਬਾਂ ਦੀ ਕੀਮਤ ਹਜ਼ਾਰਾਂ ਰੁਪਏ ਪ੍ਰਤੀ ਕਿਲੋ ਹੁੰਦੀ ਹੈ। ਮੀਆਜ਼ਾਕੀ ਆਪਣੀ ਪ੍ਰੀਮੀਅਮ ਕੀਮਤ ਲਈ ਵੱਖਰਾ ਹੈ। ਇਕ ਕਿਲੋ ਵਿਚ ਚਾਰ ਤੋਂ ਛੇ ਅੰਬ ਹੁੰਦੇ ਹਨ, ਹਰ ਇਕ ਦਾ ਭਾਰ ਲਗਭਗ 300 ਗ੍ਰਾਮ ਹੁੰਦਾ ਹੈ।

### ਆਨਲਾਈਨ ਖ੍ਰੀਦਦਾਰਾਂ ਤੋਂ ਮਿਲ ਰਹੇ ਨੇ ਆਰਡਰ

ਇਨਾਮਦਾਰ ਨੇ ਇਕ ਹੋਰ ਉੱਚ-ਉਪਜ ਦੇਣ ਵਾਲੇ ਰੁੱਖ 'ਕੋਯਾਤੂਰ' ਬਾਰੇ ਵੀ ਚਾਨਣਾ ਪਾਇਆ, ਜੋ ਪ੍ਰਤੀ ਸੀਜ਼ਨ 8-10 ਕਿਲੋ ਅੰਬ ਪੈਦਾ ਕਰਦਾ ਹੈ ਅਤੇ ਪ੍ਰਤੀ ਫਲ 1,500 ਤੋਂ 5000 ਰੁਪਏ ਦੇ ਵਿਚਕਾਰ ਕੀਮਤ ਪ੍ਰਾਪਤ ਕਰਦਾ ਹੈ ਅਤੇ ਆਪਣੇ ਸਫਲਤਾ ਤੋਂ ਉਤਸ਼ਾਹਿਤ ਹੋ ਕੇ, ਉਹ ਦੁਨੀਆ ਭਰ ਵਿਚ ਹੋਰ ਵੀ ਦੁਰਲੱਭ ਅੰਬਾਂ ਦੀਆਂ ਕਿਸਮਾਂ ਦੀ ਕਾਸ਼ਤ ਕਰ ਕੇ ਅਪਣੇ ਯਤਨਾਂ ਨੂੰ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਇਨਾਮਦਾਰ ਨੇ ਇਹ ਵੀ ਸਪਸ਼ੱਟ ਕੀਤਾ ਕਿ ਭਾਵੇਂ ਉਨ੍ਹਾਂ ਨੂੰ ਆਪਣੇ ਅੰਬਾਂ ਲਈ ਆਨਲਾਈਨ ਖ੍ਰੀਦਦਾਰਾਂ ਤੋਂ ਬਹੁਤ ਸਾਰੀਆਂ ਮੰਗਾਂ ਮਿਲ ਰਹੀਆਂ ਹਨ, ਪਰ ਉਨ੍ਹਾਂ ਨੇ ਇਸ ਵਾਰ ਸਾਰੇ ਅੰਬਾਂ ਨੂੰ ਆਪਣੀ ਖਪਤ ਲਈ ਵਰਤਣ ਦਾ ਫੈਸਲਾ ਕੀਤਾ ਹੈ।